Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਮਈ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਅਵਤਾਰ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਜਨਮ ਦਿਵਸ ਤੇ ਵਿਸ਼ੇਸ਼

# ਤੇਰੀ ਉਪਮਾ ਤੋਹਿ ਬਣਿ ਆਇ



ਸ਼੍ਰੀ ਗੁਰੂ ਅਮਰਦਾਸ ਜੀ ਨੇ ਸ਼੍ਰੀ ਗੁਰੂ ਅੰਗਦ ਦੇਵ ਜੀ ਦੀ 12 ਸਾਲ ਇਸ਼ਨਾਨ ਕਰਵਾਉਣ ਦੀ ਸੇਵਾ ਕੀਤੀ। ਆਪ ਸਵੇਰੇ ਤੜਕੇ ਉਠ ਕੇ ਖਡੂਰ ਸਾਹਿਬ ਤੋਂ ਚੱਲ ਕੇ ਦਰਿਆ ਬਿਆਸ ਵਿੱਚੋਂ ਜਲ ਦੀ ਗਾਗਰ ਭਰ ਕੇ ਲਿਆਉਂਦੇ ਸਨ। ਜਲ ਭਰਨ ਤੋਂ ਪਹਿਲਾਂ ਆਪ ਇਸ਼ਨਾਨ ਕਰਦੇ ਤੇ ਬਾਅਦ ਵਿੱਚ ਜਲ ਦੀ ਗਾਗਰ ਭਰ ਕੇ ਗੁਰੂ ਜੀ ਲਈ ਇਸ਼ਨਾਨ ਕਰਵਾਉਣ ਲਈ ਲੈ ਕੇ ਆਉਂਦੇ ਸਨ। ਉਸ ਸਮੇਂ ਆਪ ਜੀ ਦੀ ਉਮਰ ਲਗਭਗ 70 ਸਾਲ ਦੀ ਸੀ। 12 ਸਾਲ ਬੀਤ ਜਾਣ ਤੇ ਜਦੋਂ ਆਪ ਜੀ ਇੱਕ ਦਿਨ ਜਲ ਦੀ ਗਾਗਰ ਭਰ ਕੇ ਲਿਆ ਰਹੇ ਸਨ ਤਾਂ ਸਰਦੀਆਂ ਦੇ ਦਿਨ ਸਨ ਅਤੇ ਹਨੇਰੀ ਰਾਤ ਵਿੱਚ ਬਾਰਸ਼ ਵੀ ਹੋ ਰਹੀ ਸੀ। ਰਸਤੇ ਵਿੱਚ ਪਾਣੀ ਭਰਿਆ ਹੋਇਆ ਸੀ। ਆਪ ਹਨੇਰੇ ਵਿੱਚ ਜਦੋਂ ਗੁਰੂ ਦਰਬਾਰ ਵੱਲ ਜਾ ਰਹੇ ਸਨ ਤਾਂ ਰਸਤੇ ਵਿੱਚ ਜੁਲਾਹੇ ਦੀ ਖੱਡੀ ਲਈ ਇੱਕ ਲੱਕੜੀ ਗੱਡੀ ਹੋਈ ਸੀ ਜਿਸ ਨਾਲ ਆਪ ਦਾ ਪੈਰ ਟੱਕਰਾ ਗਿਆ ਤਾਂ ਆਪ ਹੇਠਾਂ ਡਿੱਗ ਪਏ। ਜਦੋਂ ਡਿੱਗਣ ਕਾਰਨ ਖੜਕਾ ਹੋਇਆ ਤਾਂ ਜੁਲਾਹੇ ਨੇ ਜੁਲਾਹੀ ਨੂੰ ਪੁੱਛਿਆ, "ਕਿ ਇਹ ਕੀ ਖੜਕਾ ਹੋਇਆ ਹੈ।" ਜੁਲਾਹੀ ਕਹਿਣ ਲੱਗੀ, "ਕਿ ਇਸ ਵੇਲੇ ਤਾਂ ਕੋਈ ਚੋਰ ਹੋਵੇਗਾ ਜਾਂ ਫਿਰ ਉਹੀ ਅਮਰੂ ਨਿਥਾਵਾਂ ਜੋ ਆਪਣੇ ਕੁੜਮਾਂ ਦੇ ਘਰ ਵਿੱਚ ਗੁਰੂ ਜੀ ਦੀ ਸੇਵਾ ਕਰ ਰਿਹਾ, ਹੋਵੇਗਾ।" ਇਹ ਗੱਲ ਜਦੋਂ ਸ਼੍ਰੀ ਅਮਰਦਾਸ ਜੀ ਦੇ ਕੰਨੀਂ ਪਈ ਤਾਂ ਆਪਜੀ ਦੇ ਮੂੰਹੋਂ ਸੁਭਾਵਕ ਹੀ ਨਿਕਲਿਆ, "ਝੱਲੀਏ ਅਮਰੂ ਨਿਥਾਵਾਂ ਨਹੀਂ ਹੈ।" ਅਮਰ ਦਾਸ ਜੀ ਦੇ ਮੂੰਹੋਂ ਇਹ ਅੱਖਰ ਨਿਕਲੇ ਹੀ ਸਨ ਕਿ ਉਹ ਜੁਲਾਹੀ "ਝੱਲੀ" ਹੋ ਗਈ ਤੇ ਅਲ-ਵਲੱਲੀਆਂ ਗੱਲਾਂ ਕਰਨ ਲੱਗ ਪਈ।

ਸ਼੍ਰੀ ਗੁਰੂ ਅਮਰਦਾਸ ਜੀ ਨੇ ਗਾਗਰ ਸੰਭਾਲੀ ਤੇ ਉੱਠ ਕੇ ਗੁਰੂ ਸਾਹਿਬ ਜੀ ਨੂੰ ਆ ਕੇ ਇਸ਼ਨਾਨ ਕਰਵਾਇਆ ਇਸ ਉਪਰੰਤ ਆਪ ਹੋਰ ਸੇਵਾ ਵਿੱਚ ਲੱਗ ਗਏ। ਜਦੋਂ ਦਿਨ ਚੜ੍ਹਿਆ ਤਾਂ ਜੁਲਾਹਾ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਤੇ ਆਪਣੀ ਪਤਨੀ ਬਾਰੇ ਰੋ-ਰੋ ਕੇ ਦੱਸਣ ਲੱਗਾ ਤੇ ਮੁਆਫ਼ੀਆਂ ਮੰਗਣ ਲੱਗਾ। ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਅਮਰਦਾਸ ਜੀ ਨੂੰ ਬੁਲਾ ਕੇ ਪੁੱਛਿਆ। ਸ਼੍ਰੀ ਅਮਰਦਾਸ ਜੀ ਹੱਥ ਜੋੜ ਕੇ ਕਹਿਣ ਲੱਗੇ," ਮਹਾਰਾਜ ਜੀ ਜਦੋਂ ਮੈਂ ਰਾਤ ਦੇ ਹਨੇਰੇ ਵਿੱਚ ਜੁਲਾਹੀ ਦੀ ਖੱਡੀ ਵਿੱਚ ਡਿੱਗ ਪਿਆ ਤਾਂ ਜੁਲਾਹੀ ਕਹਿ ਰਹੀ ਸੀ ਕਿ ਇਹ ਅਮਰੂ ਨਿਥਾਵਾਂ ਹੋਵੇਗਾ ਜੋ ਕੁੜਮਾਂ ਦੇ ਘਰ ਰਹਿੰਦਾ ਹੈ ਤਾਂ ਮੈਂ ਸੁਭਾਵਕ ਹੀ ਕਿਹਾ ਕਿ ਝੱਲੀਏ ਹੁਣ ਤਾਂ ਮੈਨੂੰ ਠੀਕ ਥਾਂ ਮਿਲ ਗਈ ਹੈ।" ਇਹ ਸੁਣ ਕੇ ਗੁਰੂ ਸਾਹਿਬ ਜੀ ਬੜੇ ਪ੍ਰਸੰਨ ਹੋਏ ਤੇ ਸ਼੍ਰੀ ਗੁਰੂ ਅਮਰਦਾਸ ਜੀ ਦੀ ਝੋਲੀ ਵਰਾਂ ਦੀ ਲੜੀ ਲਗਾ ਕੇ ਭਰ ਦਿੱਤੀ :- ਅਮਰਦਾਸ ਨਿਥਾਵਿਆਂ ਦਾ ਥਾਂ, ਨਿਮਾਣਿਆਂ ਦਾ ਮਾਣ, ਨਿਉਟਿਆਂ ਦੀ ਉਟ, ਨਿਸਰਿਆਂ ਦੀ ਧਰ, ਨਿਆਸਰਿਆਂ ਦਾ ਆਸਰਾ, ਨਿਰਾਤਿਆਂ ਦੀ ਰਾਤ, ਨਿਪੱਤਿਆਂ ਦੀ ਪੱਤ ਆਦਿ 12 ਵਰ ਦੇ ਕੇ ਨਿਵਾਜਿਆ।

ਏਨਾ ਹੀ ਨਹੀਂ ਸ਼੍ਰੀ ਗੁਰੂ ਅੰਗਦ ਦੇਵ ਜੀ ਆਪ ਜੀ ਉੱਤੇ ਏਨੇ ਪ੍ਰਸੰਨ ਹੋਏ ਕਿ ਸ਼੍ਰੀ ਅਮਰਦਾਸ ਜੀ ਨੂੰ ਇਸ਼ਨਾਨ ਕਰਵਾ ਕੇ ਨਵੇਂ ਬਸਤਰ ਸਜਾਏ। ਆਪਣੇ ਪੁੱਤਰਾਂ ਤੇ ਹੋਰ ਨਜ਼ਦੀਕੀ ਸਿੱਖਾਂ ਨੂੰ ਛੱਡ ਕੇ ਆਪਣੀ ਥਾਂ ਤੇ ਗੁਰੂ ਗੱਦੀ ਉੱਤੇ ਬੈਠਾ ਦਿੱਤਾ ਅਤੇ ਬਾਬਾ ਬੁੱਢਾ ਜੀ ਨੂੰ ਬੇਨਤੀ ਕਰਕੇ ਗੁਰਿਆਈ ਦਾ ਤਿਲਕ ਲੱਗਾ ਕੇ ਗੁਰੂ ਬਣਾ ਦਿੱਤਾ। ਇਹ ਸਭ ਸ਼ਹਿਨਸ਼ੀਲਤਾ, ਸੇਵਾ, ਸਿਮਰਨ ਅਤੇ ਭਗਤੀ ਭਾਵ ਦੇ ਸੱਦਕੇ ਹੀ ਆਪ ਜੀ ਨੂੰ ਇਹ ਪਦਵੀ ਪ੍ਰਾਪਤ ਹੋਈ ਸੀ। ਇਸ ਦੇ ਨਾਲ ਹੀ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਵਿਖੇ ਡੇਰਾ ਲਾਉਣ ਦਾ ਹੁਕਮ ਕਰ ਦਿੱਤਾ।

ਭੱਟ ਭਲ ਜੀ ਸ਼੍ਰੀ ਗੁਰੂ ਅਮਰਦਾਸ ਜੀ ਦੇ ਬੇਅੰਤ ਗੁਣਾਂ ਸਬੰਧੀ ਦੱਸਦੇ ਹਨ ਕਿ ਆਕਾਸ਼ ਵਿੱਚ ਛਾਈ ਹੋਈ ਬੱਦਲਾਂ ਦੀ ਘਨਘੋਰ ਘਟਾ ਵਿੱਚੋਂ ਜ਼ਮੀਨ ਉੱਤੇ ਡਿੱਗਣ ਵਾਲੀਆਂ ਮੀਂਹ ਰੂਪੀ ਬੂੰਦਾਂ ਦੀ ਗਿਣਤੀ ਕਰਨੀ ਜਿਸ ਪ੍ਰਕਾਰ ਅਸੰਭਵ ਹੈ, ਬਸੰਤ ਰੁੱਤ ਵਿੱਚ ਧਰਤੀ ਉੱਤੇ ਪੈਦਾ ਹੋਣ ਵਾਲੀ ਬਨਸਪਤੀ ਨੂੰ ਅਨੇਕ ਪ੍ਰਕਾਰ ਦੇ ਲੱਗਦੇ ਫੁੱਲ਼ਾਂ ਦੀ ਗਿਣਤੀ ਕਰਨੀ ਵੀ ਅਸੰਭਵ ਹੈ, ਸੂਰਜ ਅਤੇ ਚੰਦਰਮਾਂ ਵਿੱਚੋਂ ਦਿਨ ਰਾਤ ਨਿਕਲਣ ਵਾਲੀਆਂ ਕਿਰਨਾਂ ਅਤੇ ਸਮੁੰਦਰ ਗੰਗਾ ਰੂਪੀ ਨਦੀਆਂ ਵਿੱਚੋਂ ਪੈਦਾ ਹੋਣ ਵਾਲੀਆਂ ਜਲ ਦੀਆਂ ਤਰੰਗਾਂ ਦਾ ਜਿਵੇਂ ਕੋਈ ਅੰਤ ਨਹੀਂ ਪਾ ਸਕਦਾ, ਸ਼ਿਵਜੀ ਆਦਿ ਹੋਰ ਦੇਵੀ ਦੇਵਤੇ ਜੋ ਹਮੇਸ਼ਾਂ ਰੱਬ ਦੀ ਯਾਦ ਵਿੱਚ ਵਿਚ ਸਮਾਧੀ ਲਗਾ ਕੇ ਬੈਠੇ ਰਹਿੰਦੇ ਹਨ ਅਤੇ ਭੱਟ ਕੁਝ ਕਹਿੰਦੇ ਹਨ ਕਿ ਰੱਬ ਦੇ ਗੁਣਾਂ ਨੂੰ ਗਾਉਣਾ ਕਰਦੇ ਹਨ ਇਸ ਪ੍ਰਕਾਰ ਹੇ ਭੱਲੇ ਅੰਸ ਵਿੱਚ ਪੈਦਾ ਹੋਏ ਸ਼੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੀਉ ਆਪ ਜੀ ਦੇ ਗੁਣਾਂ ਦੀ ਕੋਈ ਵੀ ਮਿਸਾਲ ਨਹੀਂ ਦਿੱਤੀ ਜਾ ਸਕਦੀ ਆਪ ਆਪਣੀ ਮਿਸਾਲ ਆਪ ਹੀ ਹੋ।

ਸ਼੍ਰੀ ਗੁਰੂ ਅਮਰਦਾਸ ਜੀ ਵਿੱਚ ਪ੍ਰਮਾਤਮਾ ਵੱਲੋਂ ਏਨੇ ਗੁਣ ਅਤੇ ਰੂਹਾਨੀ ਸ਼ਕਤੀ ਭਰੀ ਹੋਈ ਹੈ ਕਿ ਇਨ੍ਹਾਂ ਦੇ ਦਰਸ਼ਨ ਕੀਤਿਆਂ ਹੀ ਧਰਤੀ ਉੱਤੇ ਅਨੇਕਾਂ ਕਿਸਮਾਂ ਦੇ ਪਾਪ ਤੇ ਮਾੜੇ ਕਰਮ ਖ਼ਤਮ ਹੋ ਜਾਂਦੇ ਹਨ। ਆਪ ਜੀ ਦੇ ਦਰਸ਼ਨ ਕਰਨ ਨਾਲ ਸਿੱਧ, ਜੋਗੀ, ਜਤੀ, ਸੰਨਿਆਸੀ ਦੇ ਮਨ ਵਿੱਚ ਸ਼ਾਂਤੀ ਆ ਜਾਂਦੀ ਹੈ। ਆਪ ਜੀ ਦੇ ਦਰਸ਼ਨ ਕਰਨ ਨਾਲ ਪ੍ਰਮਾਤਮਾ ਦੀ ਬੰਦਗੀ ਲਈ ਮਨ ਜੁੜ ਜਾਂਦਾ ਹੈ। ਸ਼੍ਰੀ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰਨ ਨਾਲ ਆਦਮੀ ਨਿਰਭਉ ਹੋ ਜਾਂਦਾ ਹੈ ਤੇ ਆਵਾਗਉਣ ਦਾ ਚੱਕਰ ਮੁੱਕ ਜਾਂਦਾ ਹੈ ਅਤੇ ਮੁਕਤੀ ਮਿਲ ਜਾਂਦੀ ਹੈ। ਇਹ ਵਾਹਿਗੁਰੂ ਤੋਂ ਬਿਨਾਂ ਜੋ ਦਵੈਤ ਹੈ ਉਹ ਦੂਰ ਹੋ ਜਾਂਦੀ ਹੈ ਜਦੋਂ ਮਨੁੱਖ ਗੁਰ ਮੰਤਰ ਲੈ ਲੈਂਦਾ ਹੈ। ਜਾਲਪ ਭੱਟ ਕਹਿੰਦੇ ਹਨ ਕਿ ਸ਼੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤਿਆਂ ਉਨ੍ਹਾਂ ਦੀ ਸੰਗਤ ਕੀਤਿਆਂ ਏਨੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਇਹ ਸ਼੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.D.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ
ਜੂਨ - 15-6-2018 (ਸ਼ੁੱਕਰਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 75 | ਮਈ - 2018



| | | |
|---|---|---|
| 1. | ਭਾਰਤੀ ਸੁਪਰੀਮ ਕੋਰਟ ਵਿਚ ਸਿੱਖ ਦਸਤਾਰ ਸੰਬੰਧੀ ਚਲਦੇ ਕੇਸ ਵਿਚ ਕੋਰਟ ਪਾਸੋਂ ਹਾਂ ਪੱਖੀ ਫੈਸਲਾ ਲੈਣਾ ਬਹੁਤ ਜ਼ਰੂਰੀ | 4 |
| 2. | ਅਨ੍ਹਾਂ ਆਗੂ ਜੇ ਥੀਐ | 6 |
| 3. | ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ | 8 |
| 4. | ਚਾਰ ਘੱਲੂਘਾਰੇ | 10 |
| 5. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 14 |
| 6. | ਨਾਮ ਤੇਰਾ ਆਧਾਰੁ ਮੇਰਾ | 16 |
| 7. | ਜੀਵਨ ਦਾ ਸੱਚ : ਮੌਤ | 19 |
| 8. | ਦਹੇਜ ਪ੍ਰਥਾ ਵਿਚ ਆਖਿਰ ਬਦਲਾਓ ਕਦੋਂ ਆਵੇਗਾ | 21 |
| 9. | ਭਖਦੇ ਮਸਲੇ | 22 |
| 10. | ਸ. ਗੁਰਪ੍ਰੀਤ ਸਿੰਘ ਬਣੇ ਅਮਰੀਕਾ ਦੀ ਯੂਟਾ ਯੂਨੀਵਰਸਿਟੀ ਦੇ ਇੰਜੀਅਰਿੰਗ ਕਾਲਜਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਮੈਂਬਰ | 25 |
| 11. | ਸ਼ੋਕ ਸਮਾਚਾਰ | 26 |
| 12. | ਕਹਾਣੀ (ਪਾਣੀ ਪਿਤਾ) | 27 |
| 13. | ਗ਼ਦਰੀਆਂ ਦੀ ਧਰਤੀ : ਸਟਾਕਟਨ | 31 |
| 14. | ਕਾਵਿ-ਕਿਆਰੀ | 35 |
| 15. | ਸਿਹਤ ਸੰਭਾਲ | 36 |
| 16. | ਦਾਨੀ ਸੱਜਣਾਂ ਦੀ ਸੂਚੀ | 38 |
| 17. | Martimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

## ਭਾਰਤੀ ਸੁਪਰੀਮ ਕੋਰਟ ਵਿਚ ਸਿੱਖ ਦਸਤਾਰ ਸੰਬੰਧੀ ਚਲਦੇ ਕੇਸ ਵਿਚ ਕੋਰਟ ਪਾਸੋਂ ਹਾਂ ਪੱਖੀ ਫੈਸਲਾ ਲੈਣਾ ਬਹੁਤ ਜ਼ਰੂਰੀ

# ਕੀ ਹੋਵੇ ਸਿੱਖਾਂ ਦੀ ਪਹੁੰਚ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**


ਸਾਇਕਲ ਦੌੜ ਵਿਚ ਰਾਸ਼ਟਰੀ ਪੱਧਰ ਦੇ ਇਕ ਸਿੱਖ ਸਾਇਕਲ ਚਾਲਕ ਜਗਦੀਪ ਸਿੰਘ ਪੁਰੀ ਨੇ ਸੁਪੀਰਮ ਕੋਰਟ ਵਿਚ ਇਕ ਅਰਜੀ ਲਗਾ ਕੇ ਇਹ ਗੁਹਾਰ ਲਗਾਈ ਹੈ ਕਿ ਸਾਇਕਲ ਐਸੋਸੀਏਸ਼ਨ ਨੇ ਉਸ ਨੂੰ ਮੁਕਾਬਲੇ ਦੌਰਾਨ ਆਪਣੀ ਪੱਗ ਉਤਾਰ ਕੇ, ਲੋਹ ਟੋਪ ਪਹਿਨਣ ਲਈ ਆਦੇਸ਼ ਕੀਤੇ ਹਨ ਅਤੇ ਕਿਹਾ ਹੈ ਕਿ ਉਹ ਲੋਹ ਟੋਪ ਤੋਂ ਬਿਨਾਂ ਉਹ ਮੁਕਾਬਲੇ ਵਿਚ ਭਾਗ ਨਹੀਂ ਲੈ ਸਕਦਾ। ਉਸ ਨੇ ਬੇਨਤੀ ਕੀਤੀ ਹੈ ਕਿ ਇਕ ਸਿੱਖ ਹੋਣ ਦੇ ਨਾਤੇ ਉਸ ਨੂੰ ਆਪਣੇ ਕੇਸਾਂ ਦੀ ਸੰਭਾਲ ਲਈ ਹਰ ਵੇਲੇ ਪੱਗ ਬੰਨ ਕੇ ਰੱਖਣਾ ਜ਼ਰੂਰੀ ਹੈ। ਇਹ ਉਸ ਦੀ ਧਾਰਮਿਕ ਆਸਥਾ ਨਾਲ ਵੀ ਜੁੜਿਆ ਹੋਇਆ ਹੈ ਇਸ ਲਈ ਉਸ ਨੂੰ ਪੱਗ ਸਮੇਤ ਹੀ ਸਾਇਕਲ ਮੁਕਾਬਲੇ ਵਿਚ ਹਿੱਸਾ ਲੈਣ ਦਿੱਤਾ ਜਾਵੇ। ਇਹ ਅਰਜ਼ੀ ਸੁਣਵਾਈ ਲਈ ਸੁਪਰੀਮ ਕੋਰਟ ਦੇ ਦੋ ਜੱਜਾਂ ਜਸਟਿਸ ਸ਼ਰਦ ਅਰਵਿੰਦ ਬਬੋਡੇ ਅਤੇ ਐਲ ਨਾਗੇਸ਼ਵਰ ਰਾਓ ਤੇ ਅਧਾਰਿਤ ਬੈਂਚ ਦੇ ਸਾਹਮਣੇ ਨਿਸ਼ਚਿਤ ਹੋਈ। ਅਦਾਲਤਾਂ ਦਾ ਕੰਮ ਕਾਜ ਦਾ ਤੌਰ ਤਰੀਕਾ ਆਪਣਾ ਵੱਖਰਾ ਹੀ ਨਿਰਧਾਰਤ ਲੀਹਾਂ ਤੇ ਹੁੰਦਾ ਹੈ। ਇਕ ਧਿਰ ਸੁਣਵਾਈ ਲਈ ਪਹੁੰਚ ਕਰਦਾ ਹੈ ਤੇ ਅਦਾਲਤ ਜਿਥੇ ਦੂਜੀ ਧਿਰ ਨੂੰ ਅਗਲੀ ਮਿਥੀ ਤਾਰੀਖ ਤੇ ਅਰਜ਼ੀ ਵਿਚ ਉਠਾਏ ਨੁਕਤਿਆਂ ਤੇ ਸਵਾਲ ਦੇਣ ਲਈ ਨੋਟਿਸ ਭੇਜਦੀ ਹੈ, ਉਥੇ ਹੀ ਅਰਜੀ ਕਰਤਾ ਨੂੰ ਵੀ ਆਪਣੇ ਨੁਕਤੇ ਨੂੰ ਸਾਬਤ ਕਰਨ ਲਈ ਹੋਰ ਸਬੂਤ ਜਾਂ ਦਲੀਲਾਂ ਪੇਸ਼ ਕਰਨ ਲਈ ਵੀ ਕਹਿੰਦੀ ਹੈ। ਸੁਪਰੀਮ ਕੋਰਟ ਨੇ ਜਿਥੇ ਭਾਰਤੀ ਸਾਇਕਲ ਐਸੋਸੀਏਸ਼ਨ ਨੂੰ ਪਟੀਸ਼ਨ ਵਿਚ ਉਠਾਏ ਨੁਕਤਿਆਂ ਤੇ ਆਪਣਾ ਜਵਾਬ ਦੇਣ ਲਈ ਕਿਹਾ ਹੈ ਉਥੇ ਹੀ ਉਹਨਾਂ ਨੇ ਪਟੀਸ਼ਨਕਰਤਾ ਨੂੰ ਆਪਣੇ ਮੁੱਖ ਨੁਕਤੇ ਨੂੰ ਹੋਰ ਦਲੀਲਾਂ ਨਾਲ ਪਰਪੱਕ ਕਰਨ ਲਈ ਪਟੀਸ਼ਨਕਰਤਾ ਹਰਦੀਪ ਸਿੰਘ ਪੁਰੀ ਨੂੰ ਕਿਹਾ ਹੈ। ਸੁਪਰੀਮ ਕੋਰਟ ਨੇ ਮੁੱਖ ਤੌਰ 'ਤੇ ਪੁੱਛਿਆ ਹੈ ਕਿ ਸਿੱਖਾਂ ਲਈ ਦਸਤਾਰ ਧਾਰਮਿਕ ਪਹਿਰਾਵਾ ਹੈ ਜਾਂ ਸੱਭਿਆਚਾਰ ਦਾ ਹਿੱਸਾ ਹੈ। ਉਨ੍ਹਾਂ ਪੁੱਛਿਆ ਹੈ ਕਿ ਸਿੱਖਾਂ ਲਈ ਵਾਲ ਢੱਕਣੇ ਜ਼ਰੂਰੀ ਹਨ ਕਿ ਪੱਗ ਬੰਨਣੀ ਜ਼ਰੂਰੀ ਹੈ। ਸ਼ਾਇਦ ਇਹ ਵੀ ਪੁੱਛਿਆ ਹੈ ਕਿ ਕਿਥੇ ਲਿਖਿਆ ਹੈ ਕਿ ਪੱਗ ਉਤਾਰੀ ਨਹੀਂ ਜਾ ਸਕਦੀ।



ਸੁਪਰੀਮ ਕੋਰਟ ਦੇ ਇਹਨਾਂ ਸਵਾਲਾਂ ਤੇ ਪੂਰੇ ਵਿਸ਼ਵ ਵਿਚ ਸਿੱਖ ਭਾਈਚਾਰੇ ਵਿਚ ਬੜਾ ਵਾ-ਵਰੋਲਾ ਉਠਿਆ ਹੈ, ਬੜਾ ਤਿੱਖਾ ਪ੍ਰਤੀਕਰਮ ਵੀ ਹੋਇਆ ਹੈ। ਖਾਸ ਕਰਕੇ ਨੌਜਵਾਨ ਵਰਗ ਵਿਚ ਅਤੇ ਉਹ ਵੀ ਸੋਸ਼ਲ ਮੀਡੀਆ ਵਿਚ।

ਹੁਣ ਵੇਖਣ ਵਾਲੀ ਗੱਲ ਹੈ ਕਿ ਕੀ ਸੁਪਰੀਮ ਕੋਰਟ ਵਿਚ ਕਿਸੇ ਨੁਕਤੇ ਤੇ ਕੋਈ ਕਾਨੂੰਨਣ ਰਾਏ ਲੈਣ ਲਈ ਸਿੱਖ ਖੁਦ ਗਏ ਹਨ ਜਾਂ ਕਿਸੇ ਗ਼ੈਰ ਸਿੱਖ ਜਥੇਬੰਦੀ ਨੇ ਇਹ ਮੰਗ ਉਠਾਈ ਹੈ ਜਾਂ ਸੁਪਰੀਮ ਕੋਰਟ ਨੇ ਆਪਣੇ ਪੱਧਰ ਤੇ ਹੀ ਇਹ ਨੁਕਤਾ ਖੜ੍ਹਾ ਕਰਕੇ ਵਾਵੇਲਾ ਪੈਦਾ ਕੀਤਾ ਹੈ। ਇਸ ਦਾ ਜਵਾਬ ਹੈ ਕਿ ਅਸੀਂ ਖੁਦ ਹਰਦੀਪ ਸਿੰਘ ਪੁਰੀ, ਜੋ ਕਿ ਇਕ ਸਿੱਖ ਖਿਡਾਰੀ ਹੈ, ਰਾਹੀਂ ਸਰਵ ਉੱਚ ਅਦਾਲਤ ਵਿਚ ਆਪਣੇ ਹੱਕ ਵਿਚ ਫੈਸਲਾ ਲੈਣ ਲਈ ਪਹੁੰਚ ਕੀਤੀ ਹੈ। ਅਦਾਲਤਾਂ ਦੇ ਕੰਮ ਕਾਜ ਉਹਨਾਂ ਦੇ ਆਪਣੇ ਢੰਗ ਤਰੀਕੇ ਨਾਲ ਹੁੰਦੇ ਹਨ। ਜਿੰਨਾ ਵਿਚ ਜਜ਼ਬਾਤਾਂ ਜਾਂ ਆਸਥਾ ਹੋਣ ਆਦਿ ਦੀ ਦਲੀਲ ਕੋਈ ਜ਼ਿਆਦਾ ਕਾਟ ਨਹੀਂ ਕਰਦੀ। ਸੁਪਰੀਮ ਕੋਰਟ ਨੇ ਆਪਣੇ ਕੰਮ ਕਰਨ ਦੇ ਢੰਗ ਤਰੀਕੇ ਅਧੀਨ ਹੀ ਪਟੀਸ਼ਨਕਰਤਾ ਅਤੇ ਦੂਜੀ ਧਿਰ ਨੂੰ ਆਪਣੀ ਆਪਣੀ ਗੱਲ ਹੋਰ ਦਲੀਲਬਾਜ਼ੀ ਅਤੇ ਸਬੂਤਾਂ ਸਮੇਤ ਪੇਸ਼ ਕਰਨ ਲਈ ਕਿਹਾ ਹੈ। ਇਹ ਸਪੱਸ਼ਟ ਹੈ ਕਿ ਅਦਾਲਤਾਂ ਦੇ ਫੈਸਲੇ ਦੋਨਾਂ ਧਿਰਾਂ ਵੱਲੋਂ ਪੇਸ਼ ਕੀਤੇ ਸਬੂਤ ਅਤੇ ਦਲੀਲਾਂ ਦੇ ਅਧਾਰ ਤੇ ਹੁੰਦੇ ਹਨ। ਕਹਿੰਦੇ ਹਨ ਕਾਨੂੰਨ ਦੀਆਂ ਅੱਖਾਂ ਤੇ ਪੱਟੀ ਬੰਨੀ ਹੁੰਦੀ ਹੈ। ਦਲੀਲਾਂ, ਸਬੂਤਾਂ ਅਤੇ ਕਾਗ਼ਜ਼ਾਤਾਂ ਦੇ ਅਧਾਰ ਤੇ ਫੈਸਲੇ ਕੀਤੇ ਜਾਂਦੇ ਹਨ। ਜੇਕਰ ਸੁਪਰੀਮ ਕੋਰਟ ਨੇ ਸਿੱਖ ਪਟੀਸ਼ਨਕਰਤਾ ਨੂੰ ਆਪਣੀ ਦਲੀਲ ਨੂੰ ਹੋਰ ਮਜ਼ਬੂਤੀ ਦੇਣ ਲਈ ਕੋਈ ਹੋਰ ਸਵਾਲਾਂ ਦੇ ਜਵਾਬ ਮੰਗੇ ਹਨ ਤਾਂ ਇਸ ਨੂੰ ਜਜ਼ਬਾਤੀ ਹੋ ਕੇ ਨਹੀਂ ਲੈਣਾ ਚਾਹੀਦਾ। ਬਾ-ਦਲੀਲ ਅਤੇ ਇਤਿਹਾਸਕ ਪੱਖ ਤੋਂ ਸਮੇਂ ਨਾਲ ਪਰਪੱਕ ਹੋਈ ਇਸ ਜ਼ਰੂਰੀ ਪ੍ਰੰਪਰਾ ਨੂੰ ਅਦਾਲਤ ਦੇ ਸਾਹਮਣੇ ਪੇਸ਼ ਕਰਕੇ ਆਪਣੇ ਹੱਕ ਵਿਚ ਫੈਸਲਾ ਲੈਣਾ ਚਾਹੀਦਾ ਹੈ ਨਾਂ ਕਿ ਜਿਵੇਂ ਕਿ ਸੋਸ਼ਲ ਮੀਡੀਏ ਤੇ ਜੱਜਾਂ ਨੂੰ ਗਾਹਲਾਂ ਕੱਢ ਕੇ ਗੁਰੂ ਇਤਿਹਾਸ ਤੋਂ ਲੈ ਕੇ ਸਿੱਖ ਰਾਜ ਅਤੇ ਅਜੋਕੇ ਸਿੱਖ ਸੂਰਬੀਰਾਂ ਦੇ ਨਾਮ ਲੈ ਕੇ ਉਹਨਾਂ ਦੀਆਂ ਦਸਤਾਰ ਸਮੇਤ ਫੋਟੋਆਂ ਛਾਪ ਕੇ ਦਸਤਾਰ ਬੰਨਣ ਨੂੰ ਜ਼ਰੂਰੀ ਦੱਸਣ ਦੀਆਂ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ। ਇਹ ਦਲੀਲਾਂ ਵਾਲੀਆਂ ਮੋਬਾਇਲ ਪੋਸਟਾਂ ਤੁਹਾਡੀਆਂ ਕਿਸੇ ਜੱਜ ਨੇ

ਨਹੀਂ ਦੇਖਣੀਆਂ। ਉਥੇ ਤਾਂ ਫਾਇਲ ਵਿਚ ਲੱਗੇ ਕਾਗ਼ਜ਼ ਅਤੇ ਸਬੂਤ ਪੜ੍ਹੇ ਜਾਣੇ ਹਨ।

ਕੁਝ ਸਮਾਂ ਪਹਿਲਾਂ ਇਸੇ ਸੁਪਰੀਮ ਕੋਰਟ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਹਿਰਾ ਜਹੂਰ, ਹਾਜਰਾ ਹਜੂਰ, ਪ੍ਰਗਟ ਗੁਰੂ ਦਾ ਦਰਜਾ ਦਿੱਤਾ ਸੀ। ਕੇਸ ਦਾ ਆਖਰੀ ਫੈਸਲਾ ਆਉਣ ਤੋਂ ਪਹਿਲਾਂ ਕਈ ਜਜ਼ਬਾਤੀ ਤੇ ਅਨਜਾਨ ਸਿੱਖ ਇਸ ਨੁਕਤੇ ਨੂੰ ਅਦਾਲਤਾਂ ਵਿਚ ਘਸੀਟਣ ਨੂੰ ਸਿੱਖਾਂ ਤੇ ਹਮਲਾ ਕਹਿੰਦੇ ਸਨ। ਪਰ ਜਦੋਂ ਇਹ ਫੈਸਲਾ ਸਿੱਖਾਂ ਅਤੇ ਗੁਰ ਗ੍ਰੰਥ ਸਾਹਿਬ ਜੀ ਦੇ ਹੱਕ ਵਿਚ ਆ ਗਿਆ ਤਾਂ ਸ਼ਾਇਦ ਜ਼ਿਆਦਾ ਸਿੱਖਾਂ ਨੂੰ ਇਸ ਦਾ ਗਿਆਨ ਨਹੀਂ ਕਿ ਇਸ ਦੇ ਕਿੰਨੇ ਅਣਗਿਣਤ ਹੀ ਫਾਇਦੇ ਹੋਏ। ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਹੋਈ ਹਜ਼ਾਰਾਂ ਏਕੜ ਦਾਨ ਜ਼ਮੀਨ, ਸਹਿਜੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਲੱਗ ਗਈ। ਗੁਰੂ ਸਾਹਿਬ ਦੇ ਸਰੂਪ ਨਾਲ ਛੇੜਛਾੜ ਜਾਂ ਬੇਅਦਬੀ ਹੋਣ ਦੀ ਸੂਰਤ ਵਿਚ ਪੁਲਿਸ ਵੱਲੋਂ ਆਈ.ਪੀ.ਸੀ. ਦੀ ਧਾਰਾ 302 ਅਧੀਨ ਕਤਲ ਦੇ ਮੁਕੱਦਮੇ ਦਰਜ ਕਰਨੇ ਸ਼ੁਰੂ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜਿਊਂਦੇ ਜਾਗਦੇ ਗੁਰੂ ਹਨ, ਇਸ ਵਿਸ਼ਵਾਸ਼ ਨੂੰ ਦੇਸ਼ਾਂ-ਵਿਦੇਸ਼ਾਂ ਵਿਚ ਕਾਨੂੰਨੀ ਰੂਪ ਮਿਲਣ ਨਾਲ ਸਿੱਖਾਂ ਅਤੇ ਗੈਰ ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਹੋਰ ਵਧਿਆ।

ਇਹ ਗੱਲ ਸਪੱਸ਼ਟ ਹੈ ਕਿ ਸੁਪਰੀਮ ਕੋਰਟ ਵੱਲੋਂ ਦੋਨਾਂ ਧਿਰਾਂ ਨੂੰ ਆਪਣੀ ਗੱਲ ਅਤੇ ਨੁਕਤੇ ਨੂੰ ਸਪੱਸ਼ਟ ਕਰਨ ਲਈ ਮੌਕਾ ਦਿੱਤਾ ਗਿਆ ਹੈ। ਦੂਜੀ ਧਿਰ ਹਰ ਸੰਭਵ ਕੋਸ਼ਿਸ਼ ਕਰੇਗੀ ਕਿ ਉਹ ਵੱਧ ਤੋਂ ਵੱਧ ਅਜਿਹੇ ਸਬੂਤ ਇਕੱਠੇ ਕਰੇ ਜਿਥੇ ਉਹ ਸਾਬਤ ਕਰ ਸਕੇ ਕਿ ਜਿਥੇ ਇਸ ਵਿਚ ਸਿਰ ਵਿਚ ਸੱਟ ਲੱਗਣ ਦੀ ਡਾਕਟਰੀ ਐਮਰਜੈਂਸੀ ਤੋਂ ਬਚਣਾ ਸ਼ਾਮਲ ਹੈ ਉਥੇ ਇਹ ਦਲੀਲ ਵੀ ਦੇਵੇਗੀ ਕਿ ਕਈ ਅਜਿਹੀਆਂ ਹੋਰ ਖੇਡਾਂ ਹਨ ਜਿਥੇ ਸਿੱਖ ਖਿਡਾਰੀ ਆਪਣੀ ਦਸਤਾਰ ਉਤਾਰ ਕੇ ਛੋਟੀ ਕੇਸਕੀ ਜਾਂ ਪੱਟਕਾ ਬੰਨ ਕੇ ਹੀ ਖੇਡਦੇ ਹਨ ਅਤੇ ਭਾਰਤੀ ਹਾਕੀ ਟੀਮ ਵਿਚ ਸ਼ਾਮਲ ਸਾਰੇ ਸਿੱਖ ਖਿਡਾਰੀ ਆਪਣੇ ਵਾਲਾਂ ਦੇ ਜੂੜੇ ਤੇ ਸਿਰਫ਼ ਰੁਮਾਲ ਬੰਨ੍ਹ ਕੇ ਹੀ ਖੇਡਦੇ ਹਨ। ਕ੍ਰਿਕਟ ਵਿਚ ਬਿਸ਼ਨ ਸਿੰਘ ਬੇਦੀ, ਹਰਭਜਨ ਸਿੰਘ ਤੇ ਹੋਰ ਖਿਡਾਰੀਆਂ ਦੀਆਂ ਉਦਾਹਰਨਾਂ ਹਨ। ਉਹ ਇਹ ਵੀ ਕਹਿ ਸਕਦੇ ਹਨ ਕਿ ਰਾਸ਼ਟਰੀ ਪੱਧਰ ਦੀਆਂ ਕ੍ਰਿਕਟ ਅਤੇ ਹਾਕੀ ਦੀਆਂ ਪ੍ਰਮੁੱਖ ਟੀਮਾਂ ਵਿਚ ਕਈ ਅਜਿਹੇ ਸਿੱਖ ਖਿਡਾਰੀ ਹਨ ਜਿਨ੍ਹਾਂ ਨੇ ਪੱਗੜੀ ਤੋਂ ਕੇਸਕੀ ਜਾਂ ਪੱਟਕਾ ਤੇ ਫਿਰ ਵਾਲ ਹੀ ਕਟਵਾ ਕੇ ਖੇਡਣ ਨੂੰ ਤਰਜੀਹ ਦਿੱਤੀ। ਨਾਮ ਬਹੁਤ ਹਨ ਮੈਂ ਲਿਖਣਾ ਨਹੀਂ ਚਾਹੁੰਦਾ। ਫਿਰ ਉਨ੍ਹਾਂ ਅਨੁਸਾਰ ਇਸ ਖਿਡਾਰੀ ਦਾ ਪੱਗੜੀ ਲਈ ਅੜਨਾ ਗਲਤ ਦਲੀਲ ਹੈ।

ਸੋਚਣ ਵਾਲੀ ਗੱਲ ਹੈ ਕਿ ਇਸ ਮੌਕੇ ਸਿੱਖਾਂ ਦਾ ਅਦਾਲਤ ਵਿਚ ਜਵਾਬ ਕੀ ਹੋਣਾ ਚਾਹੀਦਾ ਹੈ। ਜਿਸ ਨਾਲ ਅਸੀਂ ਇਹ ਲੜਾਈ ਕਾਨੂੰਨੀ ਨੁਕਤੇ ਨਿਗਾਹ ਤੋਂ ਵੀ ਜਿੱਤ ਸਕੀਏ। ਇਹ ਗੱਲ ਵੀ ਸਹੀ ਹੈ ਕਿ ਇਸ ਨੁਕਤੇ ਤੇ ਦੇਸ਼ ਦੀ ਸਰਵ ਉੱਚ ਅਦਾਲਤ ਤੋਂ ਸਿੱਖਾਂ ਪੱਖੀ ਜਾਂ ਦਸਤਾਰ ਪੱਖੀ ਫੈਸਲਾ ਲੈਣਾ ਸਿੱਖੀ ਦੀ ਪ੍ਰਫੁੱਲਤਾ ਲਈ ਮੀਲ ਪੱਥਰ ਸਾਬਤ ਹੋਵੇਗਾ। ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਦਸਤਾਰ ਸਬੰਧੀ ਆਉਂਦੀਆਂ ਮੁਸ਼ਕਲਾਂ ਅਤੇ ਦੁਸ਼ਵਾਰੀਆਂ ਅਸੀਂ ਰੋਜ਼ ਸੁਣਦੇ ਹਾਂ। ਫਰਾਂਸ ਵਿਚ ਕੁਝ ਸੱਜਣ ਇਸ ਮੁੱਦੇ ਤੇ ਬੜੇ ਲੰਮੇ ਸਮੇਂ ਤੋਂ ਜਦੋ ਜਹਿਦ ਕਰ ਰਹੇ ਹਨ। ਪਰ ਉਨ੍ਹਾਂ ਪਾਸ ਉਹੀ ਦਲੀਲਾਂ ਹਨ ਜੋ ਫੇਸਬੁਕ ਤੇ ਵਾਟਸ ਅੱਪ ਵਾਲਿਆਂ ਕੋਲ ਹਨ। ਇਹਨਾਂ



ਦਲੀਲਾਂ ਨੂੰ ਵਿਦੇਸ਼ਾਂ ਦੇ ਗ੍ਰਹਿ ਵਿਭਾਗ ਦੇ ਦਫਤਰ ਨਹੀਂ ਮੰਨਦੇ। ਸੰਯੁਕਤ ਰਾਸ਼ਟਰ ਨੇ ਵੀ ਅਸਿੱਧੇ ਤੌਰ ਤੇ ਕਈ ਫੈਸਲੇ ਦਿੱਤੇ ਹਨ ਪਰ ਉਹਨਾਂ ਵਿਚ ਕੋਈ ਬਹੁਤਾ ਦਮ ਖਮ ਨਹੀਂ ਹੈ। ਮੈਂ ਫਰਾਂਸ ਫੇਰੀ ਦੌਰਾਨ ਉਥੇ ਇਸ ਮੁੱਦੇ 'ਤੇ ਜਦੋ ਜਹਿਦ ਕਰਦੇ ਇਕਬਾਲ ਸਿੰਘ ਭੱਟੀ, ਗੁਰਦਿਆਲ ਸਿੰਘ, ਰਘਵੀਰ ਸਿੰਘ ਕੋਹਾੜ ਅਤੇ ਬਸੰਤ ਸਿੰਘ ਪੰਜ ਹੱਥਾਂ ਵਰਗੇ ਦੋਸਤਾਂ ਦੀਆਂ ਬਿਨਾਂ ਪੱਗ ਤੋਂ ਡਰਾਈਵਿੰਗ ਲਾਇਸੈਂਸਾਂ ਤੇ ਲੱਗੀਆਂ ਫੋਟੋਆਂ ਮੈਂ ਆਪ ਵੇਖੀਆਂ ਹਨ। ਉਹ ਬਥੇਰੀਆਂ ਦੰਦੀਆਂ ਚਿਰਕਦੇ ਹਨ ਪਰ ਪੇਸ਼ ਨਹੀਂ ਜਾਂਦੀ।

ਮੇਰੇ ਵਿਚਾਰ ਵਿਚ ਇਹ ਇਕ ਬਹੁਤ ਹੀ ਵਧੀਆ ਸਮਾਂ ਮਿਲਿਆ ਹੈ ਜਦੋਂ ਸਮੁੱਚੀਆਂ ਸਿੱਖ ਜਥੇਬੰਦੀਆਂ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿਆਸੀ ਅਤੇ ਬਾਕੀ ਧਾਰਮਿਕ ਜਮਾਤਾਂ ਨੂੰ ਮਿਲ ਕੇ ਹਮਲਾ ਮਾਰਨ ਦੀ ਲੋੜ ਹੈ। ਸਾਰੇ ਇਕੱਠੇ ਹੋ ਕੇ ਦੇਸ਼ ਦੇ ਸੀਨੀਅਰ ਸਿੱਖ ਵਕੀਲਾਂ ਦਾ ਇਕ ਪੈਨਲ ਤਿਆਰ ਕਰਕੇ, ਸ਼੍ਰੋਮਣੀ ਕਮੇਟੀ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਸਿੱਖ ਚਿੰਤਕ ਅਤੇ ਹੋਰ ਲੇਖਕ ਇਸ ਨੁਕਤੇ ਤੇ ਵੱਧ ਤੋਂ ਵੱਧ ਸਬੂਤ ਅਤੇ ਦਲੀਲਾਂ ਇਕੱਠੀਆਂ ਕਰਕੇ ਵਕੀਲਾਂ ਦੇ ਪੈਨਲ ਨੂੰ ਇਕ ਠੋਸ ਕੇਸ ਬਣਾ ਕੇ ਅਦਾਲਤ ਵਿਚ ਪੇਸ਼ ਕਰਨ ਲਈ ਤਿਆਰੀ ਕਰਨ। ਦਲੀਲਾਂ ਅਤੇ ਸਬੂਤ ਸਮੁੱਚੇ ਸਿੱਖ ਧਰਮ ਦੀ ਬੁਨਿਆਦ ਤੋਂ ਅੱਜ ਦੇ ਪੱਗ ਬੰਨ ਕੇ ਹਰ ਤਰ੍ਹਾਂ ਦੇ ਫਰਜ਼ ਪੂਰੇ ਕਰ ਰਹੇ ਸਿੱਖ ਬੁੱਧੀਜੀਵੀਆਂ, ਸਿਪਾਹੀਆਂ, ਜਰਨੈਲਾਂ, ਨੌਕਰੀਪੇਸ਼ਾ ਅਧਿਕਾਰੀਆਂ, ਸਿਆਸਤਦਾਨਾਂ, ਵਕੀਲਾਂ, ਜੱਜਾਂ, ਸਾਬਕਾ ਪ੍ਰਧਾਨ ਮੰਤਰੀ ਤੇ ਸਾਬਕਾ ਰਾਸ਼ਟਰਪਤੀ ਅਤੇ ਹੋਰਾਂ ਦੇ ਸਬੂਤਾਂ ਦੀਆਂ ਦਲੀਲਾਂ ਵਕੀਲਾਂ ਦੇ ਪੈਨਲ ਵੱਲੋਂ ਮਾਨਯੋਗ ਅਦਾਲਤ ਵਿਚ ਰੱਖਣੇ ਚਾਹੀਦੇ ਹਨ। ਸਾਡਾ ਕੇਸ ਬੜਾ ਮਜਬੂਤ ਹੈ, ਲੋੜ ਹੈ ਇਸ ਨੂੰ ਸਹੀ ਸਮੇਂ ਤੇ ਸਹੀ ਜਗ੍ਹਾ ਤੇ ਬਾਦਲੀਲ ਪੇਸ਼ ਕਰਨ ਦੀ। ਕਿਉਂਕਿ ਇਹ ਕੇਸ ਹੁਣ ਸਾਇਕਲ ਦੌੜ ਖਿਡਾਰੀ ਜਗਦੀਪ ਸਿੰਘ ਪੁਰੀ ਦਾ ਨਹੀਂ ਰਹਿ ਗਿਆ ਸਮੁੱਚੇ ਸਿੱਖ ਜਗਤ ਦਾ ਆਪਣਾ ਹੋ ਗਿਆ ਹੈ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸਿਆਸੀ ਜਮਾਤਾਂ ਦੀ ਜ਼ਿੰਮੇਵਾਰੀ ਸਭ ਤੋਂ ਜ਼ਿਆਦਾ ਹੈ। ਦੇਸ਼ ਦੀ ਸਰਵ ਉੱਚ ਅਦਾਲਤ ਦਾ ਫੈਸਲਾ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਭਵਿੱਖ ਲਈ ਸਮੁੱਚੇ ਸਿੱਖ ਜਗਤ ਲਈ ਬੜਾ ਸਾਰਥਕ ਅਤੇ ਲਾਹੇਵੰਦ ਹੋਵੇਗਾ। ਇਸ ਦਾ ਗੁੱਸਾ ਨਾ ਕਰਕੇ ਦਲੀਲਬਾਜ਼ੀ ਤੇ ਸਬੂਤਾਂ ਦੇ ਅਧਾਰ ਤੇ ਕੇਸ ਜਿੱਤਣਾ ਚਾਹੀਦਾ ਹੈ।

# ਅਨ੍ਹਾਂ ਆਗੂ ਜੇ ਥੀਐ

**ਸ. ਸਤਨਾਮ ਸਿੰਘ ਐਡਵੋਕੇਟ ਅੰਮ੍ਰਿਤਸਰ**



ਸਤਿਗੁਰੂ ਨਾਨਕ ਦੇਵ ਜੀ ਨੇ ਸਾਨੂੰ ਕਲਜੁਗੀ ਮਨਮੁਖਾਂ ਨੂੰ ਮਨੁੱਖਾ ਜੀਵਨ ਦੀ ਮਹਾਨਤਾ ਦਰਸਾਈ ਕਿ ਇਸੇ ਮਨੁੱਖਾ ਜੀਵਨ ਵਿਚ ਹੀ ਪਾਰਬ੍ਰਹਮ ਪਿਤਾ ਦੇ ਨਾਮ ਸਤਿਨਾਮ ਦਾ ਸਿਮਰਨ ਕਰਕੇ ਉਸੇ ਮਾਲਕ ਦੀ ਕ੍ਰਿਪਾ ਨਾਲ ਮੁਕਤੀ ਪ੍ਰਾਪਤ ਕਰਕੇ ਜੀਵਨ ਸਫਲ ਕਰਨਾ ਹੈ। ਸਿੱਖ ਕੌਮ ਦੀ ਗਿਣਤੀ 3 ਕਰੋੜ ਹੈ, ਪਰ ਢਾਈ ਟੋਟਰੂ ਸਿਆਸੀ ਦਲਾਂ ਦੇ ਮਾਇਆਧਾਰੀ ਅਤਿ ਅਨ੍ਹੇ ਬੋਲੇ, ਅਨ੍ਹੇ ਆਗੂ ਪਿਛਲੇ 40 ਸਾਲਾਂ ਤੋਂ ਆਪਣੀਆਂ ਹਰ ਤਰ੍ਹਾਂ ਦੀਆਂ ਅਲੈਕਸ਼ਨਾਂ ਦੇ ਪ੍ਰਚਾਰ ਸਮੇਂ ਵਕਤੀ ਫੋਕੇ ਸਟੇਜੀ ਨਾਹਰੇ "ਹਮ ਗਰੀਬੋਂ ਕੇ ਸਚੇ ਹਮਦਰਦ" ਲਖਾਂ ਰੁਪਏ ਸ਼ਰਾਬ, ਵਿਸਕੀ ਦੇ ਲੰਗਰ ਲਗਾ ਕੇ, 60 ਫੀਸਦੀ ਗਰੀਬ ਅਨਪੜ੍ਹ ਮਨਮੁਖਾਂ ਨੂੰ ਸ਼ਰਾਬ ਦੀ ਬੋਤਲ ਛਕਾ ਕੇ ਵੋਟਾਂ ਬਟੋਰ ਲੈਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਤੇ ਧਰਮ ਪ੍ਰਚਾਰਕ ਉਮੀਦਵਾਰ ਵੀ ਸ਼ਰਾਬ ਦੀ ਵਰਤੋਂ ਕਰਕੇ ਵੋਟਾਂ ਬਟੋਰਦੇ ਹਨ। ਸਾਲ 1998 ਜਥੇ. ਬਲਬੀਰ ਸਿੰਘ ਨੌਸ਼ਹਿਰਾ ਪੰਨਵਾ ਵਿਸਕੀ ਸਮਗਲਿੰਗ, ਯੂ.ਪੀ. ਵਿਚ ਐਕਸੀਡੈਂਟ ਦੋ ਬੀਬੀਆਂ ਦੇ ਨਾਲ ਨਰਕ ਸਿਧਾਰ ਗਿਆ। ਅਜਿਹੇ ਸਮਗਲਰਾਂ ਤੋਂ ਧਰਮ ਪ੍ਰਚਾਰ ਦੀ ਆਸਾ ਰੱਖਣਾ ਮੂਰਖਤਾ ਹੀ ਕਹੀ ਜਾ ਸਕਦੀ ਹੈ। ਗੁਰੂ ਜੀ ਨੇ ਹੁਕਮ ਕੀਤਾ ਘਰ-ਘਰ ਧਰਮ ਸਾਲ ਪਰ ਇਹਨਾਂ ਸਿਆਸੀ ਅਨ੍ਹੇ ਆਗੂਆਂ ਦੇ ਘਰ ਵਿਚ ਵਿਸਕੀ ਕਾਊਂਟਰ ਅਤੇ ਬਿਊਟੀ ਪਾਰਲਰ ਵੇਖੇ ਜਾ ਸਕਦੇ ਹਨ।

ਅਜਿਹੇ ਧੋਖੇਬਾਜ ਹੰਕਾਰੀ ਮਾਇਆਧਾਰੀ ਆਗੂ ਹਾਕਮਾਂ, ਪ੍ਰਧਾਨਾਂ, ਪ੍ਰਬੰਧਕਾਂ ਦੇ ਜਾਤੀ ਜੀਵਨ ਆਚਰਣ ਵੇਖ ਕੇ ਤਸੱਲੀ ਕਰਨ ਦੀ ਲੋੜ ਹੈ। ਕਿਸੇ ਸਿਆਸੀ ਪ੍ਰਧਾਨ ਪ੍ਰਬੰਧਕ ਦੀ ਸੰਤਾਨ ਗੁਰਮਤਿ ਮਿਸ਼ਨਰੀ ਨਹੀਂ ਹੈ। ਇਨ੍ਹਾਂ ਦੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਜ਼ਾਨਾ ਪ੍ਰਕਾਸ਼ ਨਹੀਂ ਇਹ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਨਹੀਂ, ਪਾਠ ਨਹੀਂ ਕਰ ਸਕਦੇ, ਅਰਦਾਸ ਨਹੀਂ ਕਰ ਸਕਦੇ, ਇਨ੍ਹਾਂ ਸਿਆਸੀ ਮਾਇਆਧਾਰੀਆਂ ਨੂੰ ਆਪਣੇ 500 ਸਾਲਾਂ ਦੇ ਕੁਰਬਾਨੀਆਂ ਭਰਪੂਰ ਗੌਰਵਮਈ ਇਤਿਹਾਸ ਵਿਰਸੇ ਦੀ ਕੋਈ ਜਾਣਕਾਰੀ ਹੀ ਨਹੀਂ ਇਹ ਤਾਂ ਸੰਗਤ ਦੀ ਗੁਰੂ ਦਰਬਾਰ ਦੀ ਚੜ੍ਹਾਵੇ ਭੇਟਾਂ ਗੁਰੂ ਦੀਆਂ ਗੋਲਕਾਂ ਕਰੋੜਾਂ ਅਰਬਾ ਰੁਪਏ ਆਪਣੇ ਜਾਤੀ ਸਿਆਸੀ ਮੰਤਵਾਂ ਲਈ ਦੁਰਵਰਤੋਂ ਕਰਦੇ ਹਨ। ਕਰੋੜਾਂ ਰੁਪਏ ਦੇ ਗਬਨ ਘਪਲੇ ਕਰ ਰਹੇ ਹਨ। ਗੁਰੂ ਦੀ ਇਮਾਨਤ ਵਿਚ ਖਿਆਨਤ ਕਰਦੇ, ਲਾਲਚੀ ਮਕਾਰ ਮਸੰਦ ਹਨ। ਇਨ੍ਹਾਂ ਦੇ ਮਨ ਵਿਚ ਸਿੱਖ ਧਰਮ ਦੀ ਵਿਲੱਖਣਤਾ, ਮਹਾਨਤਾ, ਅੰਮ੍ਰਿਤ ਛਕਣ ਦੀ ਮਹਾਨਤਾ ਦੇ ਪ੍ਰਚਾਰ ਕਰਨ ਦੀ ਭਾਵਨਾ ਹੀ ਨਹੀਂ। ਇਨ੍ਹਾਂ ਦੀ ਸੰਤਾਨ ਨਸ਼ੇ ਦੇ ਠੇਕੇਦਾਰ, ਪਤਿਤ, ਬਲਾਤਕਾਰੀ, ਨਸ਼ਿਆਂ ਦੀ ਵਰਤੋਂ ਕਰਦੇ ਸ਼ੈਤਾਨ ਹਨ। ਅਸੀਂ ਅਰਦਾਸ ਕਰਦੇ ਆਖਦੇ ਹਾਂ ਰਾਜ ਕਰੇਗਾ ਖਾਲਸਾ, ਸੋ ਹਰ ਕਿਸੇ ਨੇ ਖਾਲਸਾ ਬਣਨਾ ਹੈ।

**ਇਸ ਜਗ ਮੇ ਆਏ ਕੇ ਕਿਆ ਤੁਧੁ ਕਰਮ ਕਮਾਇਆ,**
**ਗੁਣ ਗੋਬਿੰਦ ਗਾਇਓ ਨਹੀਂ ਜਨਮ ਅਕਾਰਥ ਕੀਨ।**

ਗੁਰੂ ਨਾਨਕ ਨਾਮ ਲੇਵਾ ਸਿੱਖ ਧਰਮ ਦਾ ਘਰ-ਘਰ ਪ੍ਰਚਾਰ ਕਰੇ ਅਤੇ ਅਨ੍ਹੇ ਸਿਆਸੀ ਪ੍ਰਬੰਧਕਾਂ ਮਕਾਰ ਹੰਕਾਰੀ ਮਸੰਦ ਪ੍ਰਬੰਧਕਾਂ ਤੋਂ ਸਾਵਧਾਨ ਹੋਣ ਦੀ ਲੋੜ ਹੈ। ਆਪਣੀਆਂ ਵੋਟਾਂ ਉਚ-ਇਖਲਾਕ ਵਾਲੇ ਨਿਸ਼ਕਾਮ ਗੁਰਮਤਿ ਪ੍ਰਚਾਰਕਾਂ, ਸੇਵਕਾਂ ਨੂੰ ਪਾ ਕੇ ਕਾਮਯਾਬ ਕਰਕੇ ਘਰ-ਘਰ ਸਿੱਖੀ ਆਚਰਣ, ਗੁਰਮਤਿ ਦੇ ਲਿਟਰੇਚਰ ਟਰੈਕਟ ਪੁਸਤਕਾਂ ਛਾਪ ਕੇ ਪ੍ਰਚਾਰ ਕਰਨ ਵਾਲੇ ਉਮੀਦਵਾਰਾਂ ਨੂੰ ਖੜ੍ਹੇ ਕਰਕੇ ਕਾਮਯਾਬ ਕਰਵਾਉਣ ਦੀ ਲੋੜ ਹੈ। ਸਿੱਖੀ ਤੋਂ ਬੇਮੁੱਖ ਪਤਤ ਹੋ ਰਹੇ ਅਲ੍ਹੜ ਨੌਜਵਾਨਾਂ ਨੂੰ ਆਪਣੇ ਗੌਰਵਮਈ ਇਤਿਹਾਸਕ ਵਿਰਸੇ ਨਾਲ ਜੋੜਨ ਦੀ ਲੋੜ ਹੈ। ਘਰ-ਘਰ ਗੁਰ ਸਿੱਖੀ ਵਾਲਾ ਨਾਮ ਸਿਮਰਨ ਵਾਲਾ ਅਮਨ ਸ਼ਾਂਤੀ ਪਿਆਰ ਵਾਲਾ ਮਾਹੌਲ ਹੋਵੇ। ਸਿੱਖ ਧਰਮ

ਇਲਾਹੀ ਧਰਮ ਹੈ। ਸ੍ਰਿਸ਼ਟੀ ਦੇ ਮਾਲਕ ਪਾਰਬ੍ਰਹਮ, ਅਕਾਲ ਪੁਰਖ ਪਿਤਾ ਦੇ ਨਾਮ ਸਤਿਨਾਮ ਦਾ ਸਿਮਰਨ ਸੁਆਸ ਸੁਆਸ ਕਰਦਾ ਹੈ। ਇਹ ਵਿਸ਼ਵ ਦੇ ਹੋਰਨਾਂ ਸਾਰੇ ਧਰਮਾਂ ਨਾਲੋਂ ਵਿਲੱਖਣ, ਨਿਵੇਕਲਾ, ਨਿਆਰਾ, ਅਧਿਆਤਮਕ ਸਦਾਚਾਰ, ਪਰਉਪਕਾਰੀ ਸਰਬਤ ਦੇ ਭਲੇ ਵਾਲਾ ਸਹਿਜ ਸਰਲ ਮੁਕਤੀ ਮਾਰਗ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਹਰ ਮਨੁੱਖ ਨੂੰ ਵੱਡਮੁੱਲੇ ਮਨੁੱਖਾ ਜੀਵਨ ਦੀ ਮਹਾਨਤਾ ਅਤੇ ਮੰਤਵ ਕਿ ਇਸੇ ਮਨੁੱਖਾ ਜੀਵਨ ਵਿਚ ਹੀ ਸਤਿਨਾਮ ਦਾ ਸਿਮਰਨ ਕਰਕੇ ਆਪਣੀ ਮਲੀਨ ਭ੍ਰਿਸ਼ਟ ਕੁਕਰਮੀ ਬੁੱਧੀ ਨੂੰ ਸ਼ੁੱਧ, ਪਵਿੱਤਰ, ਨਿਰਮਲ ਅਤੇ ਬਿਬੇਕ ਬੁਧੀ ਕਰਕੇ ਨਿਰਮਲ ਨਾਮ ਨੂੰ ਆਪਣੇ ਨਿਰਮਲ ਹਿਰਦੇ ਵਿਚ ਵਸਾ ਕੇ ਸਤਿਨਾਮ ਕਹੀਐ ਸਦਾ ਸੁਖੀ ਰਹੀਐ। ਅਕਾਲ ਪੁਰਖ ਪਿਤਾ ਦਾ ਸ਼ੁਕਰ ਕਰਨਾ ਹੈ ਕਿ ਉਸੇ ਦੀ ਬਖਸ਼ਿਸ਼ ਨਾਲ ਗੁਰਸਿੱਖ ਪਰਿਵਾਰਾਂ ਵਿਚ ਜਨਮ ਹੋਇਆ ਹੈ। ਹਰਿ ਹਰਿ ਨਾਮ ਜਪੰਤਿਆ ਕਿਛੁ ਨਾ ਕਹੈ ਜਮਕਾਲੁ ਮੌਤ ਦਾ ਜਮਰਾਜ ਦਾ ਨਰਕਾਂ ਦਾ ਡਰ ਖਤਮ ਹੋ ਜਾਂਦਾ ਹੈ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਅੰਮ੍ਰਿਤ ਛਕਾ ਕੇ ਖਾਲਸਾ, ਅਕਾਲ ਪੁਰਖ ਕੀ ਫੌਜ ਬਣਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ ਦਾ ਸਹਿਜ ਸ਼ੁੱਧ ਪਾਠ ਕਰਨ ਲਈ ਹੁਕਮ ਕੀਤਾ ਹੈ। ਹਰ ਮਨੁੱਖ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ ਉਪਦੇਸ਼ਾਂ ਅਨੁਸਾਰ ਨਾਮੁ ਬੀਜ ਸੰਤੋਖ ਸੁਹਾਗ ਰਖਿ ਗਰੀਬੀ ਵੇਸ ਸ਼ੁਭ ਕੰਮ ਕਰਨੇ ਹਨ ਕੀਤੇ ਕਰਮਾ ਅਨੁਸਾਰ ਹੀ ਧਰਮ ਰਾਜ ਦੀ ਦਰਗਾਹ ਵਿਚ ਨਿਬੇੜਾ ਹੈ। ਸਿੱਖ ਧਰਮ ਦਾ 500 ਸਾਲਾਂ ਦਾ ਗੌਰਵਮਈ ਕੁਰਬਾਨੀਆਂ ਭਰਪੂਰ ਇਤਿਹਾਸ ਹੈ। ਪਿਛਲੇ 40 ਸਾਲਾਂ ਤੋਂ ਢਾਈ ਟੋਟਰੂ ਹਕੂਮਤਾਂ ਦੀ ਹਵਸ ਵਾਲੇ 15.16 ਇੰਟਰਨੈਸ਼ਨਲ ਸ਼੍ਰੋਮਣੀ ਅਕਾਲੀ ਦਲ ਅਤੇ ਫੈਡਰੇਸ਼ਨਾਂ ਆਪਸ ਵਿਚ ਇਕ-ਦੂਜੇ ਵਿਰੁੱਧ ਭੰਡੀ ਪ੍ਰਚਾਰ ਕਰਕੇ ਲੱਖਾਂ ਰੁਪਏ ਨਸ਼ਟ ਕਰ ਰਹੇ ਹਨ। ਇਹ ਢਾਈ ਟੋਟਰੂ ਦਲ ਐਮ.ਐਲ.ਏ., ਐਮ.ਪੀ., ਵਜ਼ੀਰ ਬਣਨ ਦੀ ਹਵਸ ਵਾਲੇ, ਸਿਆਸੀ ਵਪਾਰੀ ਮਾਇਆਧਾਰੀ ਅਤਿ ਅੰਨੇ ਬੋਲੇ ਧਾਰਮਕ ਅਸਥਾਨਾਂ ਉੱਪਰ ਕਾਬਜ ਹੋ ਰਹੇ ਹਨ। ਗੁਰੂ ਦੀਆਂ ਗੋਲਕਾਂ ਦੀ ਦੁਰਵਰਤੋਂ ਕਰ ਰਹੇ ਹਨ। ਇਹਨਾਂ ਦੀ ਸੰਤਾਨ ਸ਼ਰਾਬ ਦੇ ਠੇਕੇਦਾਰ ਹਰ ਤਰ੍ਹਾਂ ਦੇ ਨਸ਼ੇ ਕਰਦੇ ਪਤਿਤ ਹੋ ਕੇ ਸਿੱਖੀ ਆਚਰਣ ਦਾ ਸਾਢੇ ਸਤਿਆਨਾਸ ਹੀ ਕਰ ਰਹੇ ਹਨ। ਇਹ ਜਨਮ ਦਿਨ, ਵਿਆਹ ਸ਼ਾਦੀ, ਰੀਸੈਪਸ਼ਨ, ਜਸ਼ਨ ਹਰ ਤਰ੍ਹਾਂ ਦੀਆਂ ਅਲੈਕਸ਼ਨਾਂ 'ਚ ਲੱਖਾਂ ਕਰੋੜਾਂ ਰੁਪਏ ਸ਼ਰਾਬ ਦੀਆਂ ਪੇਟੀਆਂ ਟਰੱਕਾਂ ਦੇ ਟਰੱਕ ਵਰਤੋਂ ਕਰਦੇ ਹਨ।

ਹਰ ਨਾਨਕ ਨਾਮ ਲੇਵਾ ਅਰਦਾਸ ਕਰਦਾ ਹੈ ਕਿ ਰਾਜ ਕਰੇਗਾ ਖਾਲਸਾ, ਸੋ ਹੁਣ ਹਰ ਨਾਨਕ ਨਾਮ ਲੇਵਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰ ਪ੍ਰਧਾਨ, ਐਮ.ਐਲ.ਏ., ਐਮ.ਪੀ., ਉੱਚ ਇਖਲਾਕ ਵਾਲੇ ਫੌਜੀ ਜਰਨੈਲ, ਜੱਜ, ਵਾਈਸ ਚਾਂਸਲਰ, ਗੁਰਮਤਿ ਮਿਸ਼ਨਰੀ ਭਾਈ ਘਨਈਆ ਸੇਵਕ ਮਿਸ਼ਨਰੀ ਗੁਰਮਤਿ ਦੇ ਕਥਨੀ ਕਰਨੀ ਵਾਲੇ ਗੁਰਮੁਖਾਂ ਨੂੰ ਹੀ ਉਮੀਦਵਾਰ ਖੜੇ ਕਰਕੇ ਆਪਣੀਆਂ ਵੋਟਾਂ ਪਾ ਕੇ ਕਾਮਯਾਬ ਕਰਨ ਦਾ ਪ੍ਰਣ ਕਰਨਾ ਹੈ, ਖਾਲਸਾ ਜੀਵਨ ਵਾਲੇ ਮੰਤਰੀ ਮੁੱਖ ਮੰਤਰੀ ਗੁਰਸਿੱਖ ਖਾਲਸੇ ਬਣਨ, ਹਕੂਮਤ ਕਰਨ। ਨੌਜਵਾਨਾਂ ਨੂੰ ਆਪਣੇ ਪਵਿੱਤਰ ਇਤਿਹਾਸ, ਗੁਰੂ ਸਿੱਖੀ ਜੀਵਨ ਵੱਲ ਜੋੜਨ ਦੇ ਉਪਰਾਲੇ ਜਤਨ ਅੰਮ੍ਰਿਤ ਸੰਚਾਰ ਕਰਨ, ਗੁਰਮਤਿ ਦਾ ਲਿਟਰੇਚਰ ਘਰ-ਘਰ ਵੰਡ ਕੇ ਪ੍ਰਚਾਰ ਕਰਨ ਲਈ ਹਰ ਸਿੱਖ ਮਾਈ ਭਾਈ ਨੇ ਪੂਰਾ ਸਹਿਯੋਗ ਦੇਣਾ ਹੈ। ਆਪਣੀ ਮਾਇਆ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਲੋੜ ਹੈ। ਗੁਰ ਸਿੱਖਾਂ ਕੇ ਮਨ ਭਾਵੰਦੀ ਗੁਰ ਸਤਿਗੁਰ ਕੀ ਵਡਿਆਈ ਸਾਰੀ ਧਰਤੀ ਤੇ ਖਾਲਸਾ ਜੀਵਨ ਵਾਲੇ ਗੁਰ ਸਿੱਖਾਂ ਦਾ ਰਾਜ ਹੋਵੇ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ



ਦੂਰ ਸੜਕ ਕਿਨਾਰੇ ਲੱਗੇ ਇਕ ਬਾਗ ਅੰਦਰ ਗੁੰਬਦਦਾਰ ਇਹ ਅਸਥਾਨ ਨਜ਼ਰ ਆਉਂਦਾ ਹੈ। ਛੇਵੇਂ ਪਾਤਿਸ਼ਾਹ ਧਰਮ ਪ੍ਰਚਾਰ ਕਰਦੇ ਹੋਏ ਇਸ ਥਾਂ ਤੇ ਬਿਰਾਜੇ ਸਨ।

ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ। ਗੁੰਬਦ ਅੰਦਰ ਉੱਤੇ ਸ਼ਿਵਲਿੰਗ ਦੀ ਪੂਜਾ ਕੀਤੀ ਜਾਂਦੀ ਸੀ, ਜਦਕਿ ਥੱਲੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਅੱਜ ਵੀ ਪੱਥਰ ਬਣਿਆ ਹੋਇਆ ਸ਼ਿਵਲਿੰਗ ਉਤੇ ਸਥਾਪਿਤ ਹੈ। ਪੁਜਾਰੀ ਹਿੰਦੂ ਸੀ, ਇਸ ਵਾਸਤੇ ਉਸ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਥੱਲੇ ਕੀਤਾ ਹੋਇਆ ਸੀ। ਵਿਸਾਖੀ ਨੂੰ ਮੇਲਾ ਜੁੜਦਾ ਸੀ ਜਿਸ ਵਿਚ ਪਹਾੜੀ ਸੰਗਤ ਹੁੰਮ ਹੁੰਮਾ ਕੇ ਆਉਂਦੀ ਹੁੰਦੀ ਸੀ।

## ਗੁਰਦੁਆਰਾ ਛੇਵੀਂ ਪਾਤਿਸ਼ਾਹੀ ਧਮਿਆਲ, ਰਾਵਲਪਿੰਡੀ

ਧਮਿਆਲ ਨਾਂ ਦਾ ਪਿੰਡ ਰਾਵਲਪਿੰਡੀ ਸ਼ਹਿਰ ਤੋਂ ਕੋਈ ਚਾਰ ਕਿਲੋਮੀਟਰ ਦੂਰ ਹੈ। ਇਥੇ ਜਾਣ ਵਾਸਤੇ ਰਾਜਾ ਬਜ਼ਾਰ ਤੋਂ ਸੁਆਰੀ ਮਿਲ ਜਾਂਦੀ ਹੈ। ਇਸ ਪਿੰਡ ਅੰਦਰ ਇਕ ਮਹਾਨ ਗੁਰਦੁਆਰਾ ਸਾਹਿਬ ਸਥਿਤ ਹੈ, ਇਸ ਬਾਰੇ ਭਾਈ ਕਾਹਨ ਸਿੰਘ ਨਾਭਾ ਜੀ ਲਿਖਦੇ ਹਨ – ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਮਾਤਾ ਸਾਹਿਬ ਕੌਰ ਨੇ ਇਥੋਂ ਦੇ ਵਸਨੀਕ ਰੋਚਾ ਮੱਲ ਅਤੇ ਅਨਾਰ ਸਿੰਘ ਪ੍ਰੇਮੀਆਂ ਨੂੰ ਅਨੰਦਪੁਰ ਵਿਚ ਸੰਗਤ ਦੀ ਪ੍ਰੇਮ ਭਾਵ ਨਾਲ ਸੇਵਾ ਕਰਦੇ ਵੇਖ ਕੇ ਆਪਣੇ ਜੋੜੇ ਬਖਸ਼ੇ ਜਿਹਨਾਂ ਦਾ ਇਕ ਇਕ ਪੈਰ ਉਹਨਾਂ ਦੀ ਸੰਤਾਨ ਨਰਾਇਣ ਸਿੰਘ ਪਾਸ ਹੈ। ਗੁਰੂ ਸਾਹਿਬ ਦਾ ਜੋੜਾ ਸਾਦਾ 11 ਇੰਚ ਲੰਮਾ, ਪੱਬ ਪਾਸੋਂ ਤਿੰਨ ਇੰਚ ਹੈ, ਮਾਤਾ ਜੀ ਦਾ ਜੋੜਾ 9 ਇੰਚ ਹੈ ਅਤੇ ਤਿੰਨ ਇੰਚ ਤਿੱਲੇਦਾਰ ਹੈ। ਇਹ ਜੋੜੇ ਪਿੰਡ ਦੇ ਇਸ ਗੁਰਦੁਆਰਾ ਸਾਹਿਬ ਅੰਦਰ ਬਿਰਾਜਮਾਨ ਸਨ, ਜਿਹਨਾਂ ਦਾ ਦਰਸ਼ਨ ਕਰਕੇ ਲੋਕ ਨਿਹਾਲ ਹੁੰਦੇ ਸਨ। ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਸਕੂਲ ਹੈ ਜਿਥੇ ਬੱਚੇ ਵਿਦਿਆ ਲੈਂਦੇ ਹਨ। ਇਮਾਰਤ ਸੁੰਦਰ ਅਤੇ ਮਜ਼ਬੂਤ ਹੈ।

## ਗੁਰਦੁਆਰਾ ਛੇਵੀਂ ਪਾਤਸ਼ਾਹੀ, ਮਾਨਸਹਿਰਾ

ਸਾਹਿਬ ਗੁਰੂ ਹਰਿਗੋਬਿੰਦ ਜੀ ਦਾ ਇਹ ਪਾਵਨ ਅਸਥਾਨ ਮਾਨਸਹਿਰਾ ਕਸ਼ਮੀਰ ਰੋਡ ਉੱਤੇ ਹੈ। ਇਸ ਅਸਥਾਨ ਉੱਤੇ ਆਪ ਜੀ ਕਸ਼ਮੀਰ ਤੋਂ ਮੁੜਦੇ ਹੋਏ ਵਿਰਾਜੇ। ਜਿਥੇ ਆਪ ਨੇ ਚਰਨ ਪਾਏ ਅਤੇ ਪ੍ਰੇਮੀ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ, ਗੁਰ ਸਿੱਖਾਂ ਨੇ ਉਥੇ ਗੁਰਦੁਆਰਾ ਉਸਾਰ ਲਿਆ। ਇਹ ਗੁਰਦੁਆਰਾ ਤਿੰਨ ਮੰਜ਼ਲਾ ਹੈ। ਇਸ ਦੇ ਹਾਲ ਕਮਰੇ ਦੇ ਵਿਚਾਲੇ ਪਰਕਾਸ਼ ਅਸਥਾਨ ਹੈ। ਫਰਸ਼ ਅਤੇ ਕੰਧਾਂ ਉੱਤੇ ਵੱਖੋ-ਵੱਖ ਸੇਵਾਕਾਰਾਂ ਦੇ ਨਾਵਾਂ ਦੀਆਂ ਟਾਇਲਾਂ ਲੱਗੀਆਂ ਹੋਈਆਂ ਹਨ। ਕਦੇ ਇਥੇ ਨਿਤ ਪਰਕਾਸ਼ ਹੁੰਦਾ ਸੀ। ਹੁਣ ਇਹ ਇਕ ਸੱਖਣੀ ਇਮਾਰਤ ਹੈ।

ਇੰਜੀਨੀਅਰ
ਪਰਮਿੰਦਰਜੀਤ ਸਿੰਘ
ਕੋ-ਐਡੀਟਰ
99153-57524



## ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਚਿੱਟੀ ਗੱਟੀ, ਮਾਨਸਹਿਰਾ, ਜ਼ਿਲ੍ਹਾ ਹਜ਼ਾਰਾ

ਚਿੱਟੀ ਗੱਟੀ ਨਾਮੀ ਇਕ ਨਿੱਕਾ ਜਿਹਾ ਪਿੰਡ ਤਹਿਸੀਲ ਥਾਣਾ ਮਾਨਸਹਿਰਾ, ਜ਼ਿਲ੍ਹਾ ਹਜ਼ਾਰਾ ਵਿਚ ਹੈ। ਮਾਨਸਹਿਰਾ ਤੋਂ ਕੋਈ 8ਕਿਲੋਮੀਟਰ

## ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਨੜਾਲੀ, ਜ਼ਿਲ੍ਹਾ ਰਾਵਲਪਿੰਡੀ

ਜ਼ਿਲ੍ਹਾ ਰਾਵਲਪਿੰਡੀ ਤਹਿਸੀਲ ਗੁਜਰੱਖਾ ਥਾਣਾ ਜਾਤਰੀ ਦਾ ਇਕ

ਪਿੰਡ ਜੋ ਰੇਲਵੇ ਸਟੇਸ਼ਨ ਦੌਲਤਾਲਾ ਤੋਂ ਛੇ ਮੀਲ ਦੱਖਣ ਪੱਛਮ ਵੱਲ ਹੈ, ਇਸ ਪਿੰਡ ਨੂੰ ਗੁਜਰੱਖਾ ਤੋਂ ਵੀ ਪੱਕੀ ਸੜਕ ਜਾਂਦੀ ਹੈ। ਮੰਦਰਾ ਤੋਂ ਦੌਲਤਾਲਾ ਰਾਹੀਂ ਵੀ ਅੱਪੜਿਆ ਜਾ ਸਕਦਾ ਹੈ। ਇਸ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਹੈ। ਇਥੇ ਭਾਈ ਹਰਬੰਸ ਜੀ ਤਪਾ ਗੁਰੂ ਜੀ ਦੇ ਸਿੱਖ ਸਨ। ਉਹਨਾਂ ਦਾ ਪ੍ਰੇਮ ਵੇਖ ਕੇ ਮਾਨਸਹਿਰੇ ਤੋਂ ਆਉਂਦੇ ਹੋਏ ਸਤਿਗੁਰੂ ਜੀ ਇਥੇ ਬਿਰਾਜੇ। ਇਹ ਗੁਰਦੁਆਰਾ ਪਹਿਲਾ ਤਪਾ ਹਰਬੰਸ ਜੀ ਦੇ ਨਾਂ ਤੋਂ ਪ੍ਰਸਿੱਧ ਸੀ, ਫਿਰ ਛੇਵੇਂ ਪਾਤਿਸ਼ਾਹ ਦਾ ਗੁਰਦੁਆਰਾ ਮਸ਼ਹੂਰ ਬਣਿਆ ਹੋਇਆ, ਇਸ ਦਾ ਦਲਾਨ ਬਹੁਤ ਹੀ ਸੁੰਦਰ ਹੈ। ਉਸ ਅੱਗੇ ਇਕ ਵਿਸ਼ਾਲ ਸਰੋਵਰ ਹੈ। ਇਸ ਸਰੋਵਰ ਦੀ ਸੇਵਾ ਸਰਦਾਰ ਹਰਨਾਮ ਸਿੰਘ, ਅਸਿਸਟੈਂਟ ਸੁਪਰੀਟੈਂਡਟ ਸਰਵੇ ਨੇ 15 ਹਾੜ ਸੰਮਤ 1986, ਪਹਿਲੀ ਜੁਲਾਈ 1929 ਨੂੰ ਕਰਵਾਈ।

ਸਰੋਵਰ ਦੀ ਪੂਰਬੀ ਨੁੱਕਰ ਉੱਤੇ ਇਕ ਬਹੁਤ ਵੱਡਾ ਬੋਹੜ ਦਾ ਬ੍ਰਿਛ ਹੈ ਜੋ ਉਹਨਾਂ ਸਮਿਆਂ ਦਾ ਹੈ। ਬੋਹੜ ਦੇ ਰੁੱਖ ਥੱਲੇ ਹੀ ਭਾਈ ਹਰਬੰਸ ਸਿੰਘ ਜੀ ਦੀ ਸਮਾਧ ਮੰਦਰ ਵਾਂਗ ਬਣੀ ਹੈ। ਹੁਣ ਸਰੋਵਰ ਸੁੱਕਾ ਹੋਇਆ ਹੈ। ਦਲਾਨ ਵਾਲੇ ਮਕਾਨਾਂ ਵਿਚ ਪ੍ਰਚੂਨ ਦੀਆਂ ਹੱਟੀਆਂ ਹਨ ਅਤੇ ਗੁਰਦੁਆਰਾ ਸਾਹਿਬ ਅੰਦਰ ਕਸ਼ਮੀਰੀ ਪਰਿਵਾਰ ਰਹਿੰਦਾ ਹੈ।

## ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਬਜ਼ੁਰਗਵਾਲ, ਗੁਜਰਾਤ

ਬਜ਼ੁਰਗਵਾਲ ਨਾਮੀ ਪਿੰਡ ਗੁਜਰਾਤ ਭਿੰਬਰ ਰੋਡ ਉੱਤੇ ਹੈ। ਗੁਜਰਾਤ ਤੋਂ ਇਸ ਪਿੰਡ ਦੀ ਵਾਟ 24 ਕਿਲੋਮੀਟਰ ਹੈ। ਰੇਲਵੇ ਸਟੇਸ਼ਨ ਤੋਂ ਤਹਿਸੀਲ ਨਗਰ ਲਾਲਾ ਮੂਸਾ ਹੈ। ਲਾਲਾ ਮੂਸਾ ਤੋਂ ਵੀ ਇਸ ਪਿੰਡ ਨੂੰ ਜਾਇਆ ਜਾ ਸਕਦਾ ਹੈ। ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਸਾਹਿਬ ਹੈ। ਆਪ ਕਸ਼ਮੀਰ ਤੋਂ ਗੁਜਰਾਤ ਆਉਂਦੇ ਹੋਏ ਇਥੇ ਬਿਰਾਜੇ ਸਨ।

ਇਸ ਪਿੰਡ ਅੰਦਰ ਤਿੰਨ ਗੁਰਦੁਆਰੇ ਸਨ, ਹੁਣ ਕੋਈ ਇਕ ਵੀ ਸਬੂਤਾ ਨਹੀਂ ਹੈ। ਬਾਕੀ ਦੋ ਗੁਰਦੁਆਰਿਆਂ ਦੇ ਨਾਮ ਨਿਸ਼ਾਨ ਤਾਂ ਉੱਕਾ ਹੀ ਮਿੱਟ ਚੁੱਕੇ ਹਨ ਜਦਕਿ ਇਸ ਇਤਿਹਾਸਕ ਅਸਥਾਨ ਦੇ ਕੁਝ ਨਿਸ਼ਾਨ ਬਾਕੀ ਹਨ। ਇਹਨਾਂ ਨੂੰ ਵੇਖ ਕੇ ਤੁਸੀਂ ਬਿਨਾਂ ਦੱਸੇ ਇਸ ਨੂੰ ਗੁਰਦੁਆਰਾ ਨਹੀਂ ਕਹਿ ਸਕਦੇ। ਮਹਾਰਾਜਾ ਰਣਜੀਤ ਸਿੰਘ ਵੱਲੋਂ 300 ਰੁਪਈਆ ਸਾਲਾਨਾ ਜਾਗੀਰ ਇਸ ਗੁਰਦੁਆਰੇ ਦੇ ਨਾਮ ਹੈ।

## ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਗੁਜਰਾਤ

ਮੀਰੀ-ਪੀਰੀ ਦੇ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਕਸ਼ਮੀਰ ਤੋਂ ਮੁੜਦੇ ਇਸ ਥਾਂ ਬਿਰਾਜੇ। ਇਹ ਅਸਥਾਨ ਕਾਬਲੀ ਦਰਵਾਜ਼ੇ ਦੇ ਅੰਦਰ ਹੈ। ਇਸ ਅਸਥਾਨ ਨੂੰ ਕੁਝ ਇਤਹਾਸਕਾਰਾਂ ਨੇ 'ਹਵੇਲੀ ਛੇਵੀਂ ਪਾਤਿਸ਼ਾਹੀ' ਕਰਕੇ ਵੀ ਲਿਖਿਆ ਹੈ। ਇਸ ਦੀ ਇਮਾਰਤ ਬਹੁਤ ਸੁੰਦਰ ਬਣੀ ਹੋਈ ਹੈ। ਇਸ ਵੇਲੇ ਇਸ ਵਿਚ ਬਹੁਤ ਸਾਰੇ ਸ਼ਰਨਾਰਥੀਆਂ ਦੇ ਘਰ ਆਬਾਦ ਹਨ। ਲੋਕਾਂ ਨੇ ਆਪੋ ਆਪਣੀ ਲੋੜ ਮੂਜਬ ਵਾਧੇ ਘਾਟੇ ਕਰ ਲਏ ਹਨ। ਇਸ ਦਾ ਕਿਰਾਇਆ ਮਹਿਕਮਾ ਔਕਾਫ ਲੈਂਦਾ ਹੈ।

ਇਸ ਸ਼ਹਿਰ ਦੇ ਅੰਦਰ ਮੁਸਲਮਾਨ ਸੂਫਈ ਹਜ਼ਰਤ ਸ਼ਾਹ ਦੌਲਾ ਜੀ ਦਾ ਮਜ਼ਾਰ ਵੀ ਹੈ। ਭਾਈ ਗੜੀਏ ਦਾ ਇਹਨਾਂ ਨਾਲ ਮਿਲਾਪ ਹੋਇਆ, ਉਹਨਾਂ ਤੋਂ ਆਪ ਨੇ ਸੁਖਮਨੀ ਸਾਹਿਬ ਦਾ ਪਾਠ ਸੁਣਿਆ। ਮਗਰੋਂ, ਛੇਵੇਂ ਪਾਤਿਸ਼ਾਹ ਜੀ ਨਾਲ ਵੀ ਆਪ ਜੀ ਦੀ ਮਿਲਣੀ ਹੋਈ। ਸ਼ਾਹ ਦੌਲਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੌ ਤੋਲੇ ਸੋਨਾ ਭੇਟ ਕੀਤਾ ਜੋ ਸਭ ਕੁਝ ਤਵਾਰੀਖ ਦਾ ਭਾਗ ਹੈ। ਸ਼ਾਹ ਦੌਲਾ ਜੀ ਦਾ ਮਜ਼ਾਰ ਗੁਰਦੁਆਰਾ ਸਾਹਿਬ ਤੋਂ ਨੇੜੇ ਹੀ ਹੈ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਚਾਰ ਘੱਲੂਘਾਰੇ

ਪ੍ਰੋ. ਅਜਮੇਰ ਸਿੰਘ



**ਪਹਿਲਾ ਘੱਲੂਘਾਰਾ** - ਸਿੱਖ ਪੰਥ ਜਦੋਂ ਤੋਂ ਹੋਂਦ ਵਿੱਚ ਆਇਆ ਹੈ ਉਦੋਂ ਤੋਂ ਹੀ ਗੁਰੂ ਪੰਥ ਦੇ ਨਿਆਰੇਪਨ ਨੂੰ ਨਾ ਸਹਾਰਨ ਵਾਲੇ ਵਿਰੋਧੀਆਂ ਨੇ ਗੁਰੂ ਪੰਥ ਦੇ ਪਾਂਧੀਆਂ ਨੂੰ ਸਿੱਖੀ/ਸੱਚ ਦੀ ਮੰਜ਼ਿਲ ਤੋਂ ਭਟਕਾਉਣ ਤੇ ਮਾਰ-ਮੁਕਾਉਣ ਵਰਗੀਆਂ ਬੇ ਰਹਿਮ ਕੋਝੀਆਂ ਹਰਕਤਾਂ ਕਰਨ ਵਿੱਚ ਕੋਈ ਕਸਰ ਨਾ ਛੱਡੀ ਪਰ ਗੁਰਸਿੱਖ ਇਕ ਅਕਾਲ ਪੁਰਖ਼ ਦੇ ਭਾਣੇ ਵਿੱਚ ਚੱਲਦੇ ਹੋਏ ਸੱਚ ਦੇ ਮਾਰਗ ਤੋਂ ਰਤਾ ਵੀ ਨਾ ਭਟਕੇ ਅਤੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਦੂਣੇ-ਸਿਵਾਏ ਹੁੰਦੇ ਗਏ।

ਅਠਾਰ੍ਹਵੀ ਸਦੀ ਵਿੱਚ ਮੁਗ਼ਲ ਹਕੂਮਤ ਨੇ ਸਿੱਖਾਂ ਦਾ ਨਾਮ-ਨਿਸ਼ਾਨ ਮਿਟਾਉਣ ਦੀ ਸਹੁੰ ਚੁੱਕੀ ਸੀ ਅਤੇ ਲੋਕਾਂ ਨੂੰ ਸਖ਼ਤੀ ਨਾਲ ਵਰਜਿਆ ਸੀ ਕਿ ਕੋਈ ਵੀ ਸਿੱਖਾਂ ਨੂੰ ਓਟ-ਆਸਰਾ ਭਾਵ ਰਹਿਣ-ਬਹਿਣ ਲਈ ਅਤੇ ਖਾਣ ਲਈ ਭੋਜਨ ਨਾ ਦੇਵੇ। ਅਨੇਕਾਂ ਸਿੰਘਾਂ ਨੂੰ ਚੁਣ-ਚੁਣ ਕੇ ਅਤੇ ਸਖ਼ਤ ਤੋਂ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਅਤਿ ਦੇ ਜ਼ੁਲਮਾਂ ਨੂੰ ਸਹਾਰਦਾ ਇਕ ਸਿੱਖ ਜੱਥਾ ਐਮਨਾਬਾਦ ਪਹੁੰਚਿਆ ਜੋ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਉਥੋਂ ਦਾ ਹੰਕਾਰਿਆ ਹੋਇਆ ਫ਼ੌਜਦਾਰ ਜਸਪਤ ਰਾਇ ਫ਼ੌਜ ਲੈ ਕੇ ਸਿੱਖਾਂ ਨੂੰ ਮਾਰ ਮੁਕਾਉਣ ਲਈ ਆ ਭਬਕਿਆ। ਅੱਗੋਂ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ। ਇਕ ਗੁਰੂ ਦੇ ਬੱਬਰ ਸ਼ੇਰ ਨਿਬਾਹੂ ਸਿੰਘ ਰੰਘਰੇਟੇ ਨੇ ਜਸਪਤ ਰਾਏ ਦੇ ਹਾਥੀ 'ਤੇ ਚੜ੍ਹ ਕੇ ਉਸ ਦਾ ਸਿਰ ਵੱਢ ਦਿੱਤਾ।

ਜਸਪਤ ਰਾਏ ਦੇ ਮਾਰ ਜਾਣ ਦੀ ਖ਼ਬਰ ਸੁਣ ਕੇ ਉਸਦਾ ਭਰਾ ਲਖਪਤ ਰਾਇ ਜੋ ਲਾਹੌਰ ਦੇ ਸੂਬੇਦਾਰ ਯਹੀਆ ਖ਼ਾਨ ਦਾ ਦੀਵਾਨ ਸੀ, ਉਸ ਨੇ ਯਹੀਆ ਖ਼ਾਨ ਦੇ ਪੈਰਾਂ ਵਿਚ ਆਪਣੀ ਪੱਗ ਰੱਖ ਕੇ ਕਿਹਾ ਕਿ 'ਮੈਂ ਤਦ ਤੱਕ ਸਿਰ 'ਤੇ ਪੱਗ ਨਹੀਂ ਬੰਨ੍ਹਾਗਾਂ ਜਦ ਤੱਕ ਸਿੱਖਾਂ ਦਾ ਖੁਰ੍ਹਾ-ਖੋਜ ਨਹੀਂ ਮਿਟਾ ਲਵਾਂਗਾ।' ਉਸ ਨੇ ਯਹੀਆ ਖ਼ਾਨ ਪਾਸੋਂ ਸਿੱਖਾਂ ਨੂੰ ਮਾਰ ਮੁਕਾਉਣ ਦਾ ਐਲਾਨ ਕਰਵਾ ਦਿੱਤਾ। ਲਾਹੌਰ ਵਿਚ ਰਹਿੰਦੇ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ 10 ਮਾਰਚ 1746 ਨੂੰ ਜੱਲਾਦਾਂ ਪਾਸੋਂ ਸ਼ਹੀਦ ਕਰਵਾ ਦਿੱਤਾ ਗਿਆ।

ਲਖਪਤ ਰਾਇ ਨੇ ਡੌਂਡੀ ਪਿਟਵਾ ਦਿੱਤੀ ਕਿ 'ਕੋਈ ਵੀ ਆਦਮੀ ਮੂੰਹੋਂ 'ਗੁਰੂ' ਸ਼ਬਦ ਨਾ ਕੱਢੇ, 'ਗੁੜ' ਸ਼ਬਦ ਜੀ ਥਾਂ ਰੋੜੀ ਵਰਤਿਆ ਜਾਵੇ, ਕਿਉਂਕਿ ਗੁੜ ਸ਼ਬਦ ਗੁਰੂ ਨਾਲ ਮਿਲਦਾ-ਜੁਲਦਾ ਹੈ, ਸ਼ਬਦ ........ ਗ੍ਰੰਥ ਦੀ ਥਾਂ ਪੋਥੀ ਵਰਤਿਆ ਜਾਵੇ, ਜੋ ਆਦਮੀ ਹੁਕਮ ਦੀ ਉਲੰਘਣਾ ਕਰੇਗਾ ਉਸ ਦਾ ਪੇਟ ਚਾਕ ਕੀਤਾ ਜਾਵੇਗਾ।' ਉਸ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਇਕੱਠੀਆਂ ਕਰਵਾ ਕੇ ਦਰਿਆਵਾਂ-ਖੂਹਾਂ ਵਿੱਚ ਸੁੱਟਵਾ ਦਿੱਤੀਆਂ ਅਤੇ ਅੰਮ੍ਰਿਤਸਰ ਦਾ ਸਰੋਵਰ ਪੂਰਵਾ ਦਿੱਤਾ।

ਯਹੀਆ ਖਾਂ ਤੇ ਲੱਖਪਤ ਰਾਇ ਭਾਰੀ ਗਿਣਤੀ ਵਿੱਚ ਮੁਗ਼ਲ ਫ਼ੌਜ ਦੇ ਟਿੱਡੀ ਦਲ ਸਮੇਤ ਕਾਹਨੂੰਵਾਨ ਦੇ ਛੰਭ ਵੱਲ ਵਧਿਆ। ਇਸ ਛੰਭ ਵਿਚ 15 ਕੁ ਹਜ਼ਾਰ ਸਿੰਘਾਂ ਨੇ ਪਨ੍ਹਾ ਲਈ ਹੋਈ ਸੀ। ਮੁਗ਼ਲ ਹਕੂਮਤ ਜੰਗਲ ਕੱਟਦੀ-ਵਢਦੀ ਤੇ ਤੋਪਾਂ ਦੇ ਗੋਲਿਆਂ ਦੀ ਅੱਗ ਵਰਸਾਉਂਦੀ ਅੱਗੇ ਵੱਧ ਰਹੀ ਸੀ। ਸਿੰਘ ਰਾਵੀ ਪਾਰ ਕਰਕੇ ਕਠੂਹੇ ਵੱਲ ਨੂੰ ਹੋਏ। ਫਿਰ ਉਹ ਬੰਸੋਲੀ ਵੱਲ ਨੂੰ ਵਧੇ, ਉਨ੍ਹਾਂ ਨੂੰ ਆਸ ਸੀ ਕਿ ਉਥੋਂ ਦੀ ਹਿੰਦੂ ਜਨਤਾ ਉਨ੍ਹਾਂ ਨੂੰ ਪਨਾਹ ਤੇ ਸਾਥ ਦੇਵੇਗੀ ਪਰ ਉਥੋਂ ਦੇ ਲੋਕਾਂ ਨੇ ਅੱਗੋਂ ਪੱਥਰਾਂ ਤੇ ਗੋਲੀਆਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ। ਸਿੰਘ ਬੜੇ ਕਸੂਤੇ ਫਸ ਗਏ, ਕਿਉਂਕਿ ਸਾਹਮਣੇ ਅਸਮਾਨ ਨਾਲ ਖਹਿੰਦੇ ਸਿੱਧੇ ਪਹਾੜ ਉਪੱਰੋਂ ਵੈਰੀ ਗੋਲੀਆਂ ਵਰ੍ਹਾ ਰਹੇ ਸਨ, ਸੱਜੇ ਪਾਸੇ ਰਾਵੀ ਦਰਿਆ ਠਾਠ੍ਹਾਂ ਮਾਰ ਰਿਹਾ ਸੀ, ਮਗਰ ਹਕੂਮਤ ਦਾ ਟਿੱਡਾ ਦਲ ਮੌਗੀਂ ਚੜ੍ਹ ਗਿਆ ਸੀ। ਦੂਸਰੇ ਸਿੰਘ ਤੇ ਉਨ੍ਹਾਂ ਦੇ ਘੋੜੇ ਭੁੱਖ-ਤਿਹਾਏ ਨਿਰਬਲ ਹੋ ਚੁੱਕੇ ਸੀ। ਇਕ ਉਨ੍ਹਾਂ ਕੋਲੋਂ ਗੋਲੀ-ਸਿੱਕਾ ਵੀ ਮੁੱਕ ਚੁੱਕਿਆ ਸੀ। ਫਿਰ ਵੀ ਵਾਹਿਗੁਰੂ ਦੇ ਨਾਮ ਸਿਮਰਨ ਬਰਕਤ ਸਦਕਾ ਉਨ੍ਹਾਂ ਦੇ ਚਿਹਰਿਆਂ 'ਤੇ ਜਲਾਲ ਸੀ।

ਸਿੰਘਾਂ ਨੇ ਮੁੜ ਮਾਝੇ ਵੱਲ ਜਾਣ ਦੀ ਵਿਉਂਤ ਬਣਾਈ ਪਰ ਰਾਵੀ ਦਰਿਆ ਬਹੁਤ ਚੜ੍ਹਿਆ ਹੋਇਆ ਸੀ। ਸ੍ਰ. ਗੁਰਦਿਆਲ ਸਿੰਘ

ਡੱਲੇਵਾਲ ਦੇ ਦੋ ਭਰਾਵਾਂ ਨੇ ਕਿਹਾ ਕਿ ਅਸੀਂ ਰਾਵੀ ਵਿੱਚ ਘੋੜੇ ਠੇਹਲ ਦਿੰਦੇ ਹਾਂ, ਜੇਕਰ ਅਸੀਂ ਪਾਰ ਪਹੁੰਚ ਗਏ ਤਾਂ ਸਾਰਿਆਂ ਠਿਲ੍ਹ ਪੈਣਾ....ਜੇਕਰ ਅਸੀਂ ਪਾਰ ਨਾ ਲੱਗ ਸਕੇ ਤਾਂ ਤੁਸੀਂ ਕੋਈ ਹੋਰ ਵਿਉਂਤ ਬਣਾ ਲੈਣੀ।' ਉਹ ਦੋਵੇਂ ਭਰਾ ਰਾਵੀ ਵਿੱਚ ਰੁੜ੍ਹ ਗਏ। ਜਿਹੜੇ ਪੈਦਲ ਸਨ, ਉਹ ਪਹਾੜਾਂ ਵੱਲ ਨੂੰ ਵੱਧੇ ਅਤੇ ਛੇ ਮਹੀਨੇ ਦੁੱਖਾਂ/ਕਸ਼ਟਾਂ ਨੂੰ ਝੱਲਦੇ ਹੋਏ ਕੀਰਤਪੁਰ ਖ਼ਾਲਸੇ ਨੂੰ ਜਾ ਮਿਲੇ।

ਬਾਕੀ ਸਿੰਘਾਂ ਦੀ ਮੁੱਠੀ ਭਰ ਫ਼ੌਜ ਭਾਈ ਸੁੱਖਾ ਸਿੰਘ ਕੰਬੋ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਵੈਰੀਆਂ ਦੀ ਅਣਗਿਣਤ ਫ਼ੌਜ ਦੇ ਆਹੂ ਲਾਹੁੰਦੀ ਵੈਰੀਆਂ ਦੇ ਘੇਰੇ ਤੋਂ ਬਾਹਰ ਹੋ ਗਈ। ਭਾਈ ਸੁੱਖਾ ਸਿੰਘ ਆਪਣੀ ਉਸ ਲੱਤ ਨੂੰ ਕਾਠੀ ਦੇ ਹੰਨੇ ਨਾਲ ਬੰਨ੍ਹ ਕੇ (ਜੋ ਗੋਲੀ ਲੱਗਣ ਕਰਕੇ ਜ਼ਖ਼ਮੀ ਹੋ ਗਈ ਸੀ) ਤੇਜ਼ ਤਲਵਾਰ ਚਲਾਉਂਦਾ ਹੋਇਆ ਵੈਰੀਆਂ ਨੂੰ ਸੋਧਦਾ ਲਖਪਤ ਰਾਇ ਨੂੰ ਲੱਭ ਰਿਹਾ ਸੀ ਪਰ ਉਹ ਹੱਥ ਨਾ ਆਇਆ। ਸਿੰਘਾਂ ਨੇ ਮੁੜ ਰਾਤ ਨੂੰ ਮੁਗ਼ਲ ਹਕੂਮਤ 'ਤੇ ਹੱਲਾ ਕਰਕੇ ਕਾਫ਼ੀ ਦੁਸ਼ਮਣਾਂ ਨੂੰ ਮਾਰ-ਮੁਕਾਇਆ ਅਤੇ ਉਨ੍ਹਾਂ ਦਾ ਸਮਿਆਨਾ ਜੋ ਹੱਥ ਆਇਆ ਲੈ ਕੇ ਜੰਗਲ ਵਿਚ ਜਾ ਵੜੇ। ਲਖਪਤ ਰਾਇ ਆਪਣੀ ਕਾਫ਼ੀ ਫ਼ੌਜ ਮਰਵਾ ਕੇ ਲਾਹੌਰ ਨੂੰ ਮੁੜ ਗਿਆ।

ਇਹ ਦੁਖਾਂਤ 1 ਜੂਨ 1746 ਨੂੰ ਵਾਪਰਿਆ, ਜਿਸ ਵਿਚ 7 ਹਜ਼ਾਰ ਸਿੰਘ ਸ਼ਹੀਦ ਹੋਏ ਅਤੇ ਬਾਕੀ ਕੈਦ ਕੀਤੇ ਤਿੰਨ ਹਜ਼ਾਰ ਸਿੰਘਾਂ ਨੂੰ ਮੁਗ਼ਲ ਹਕੂਮਤ ਨੇ ਸਖ਼ਤ ਤੋਂ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਉਨ੍ਹਾਂ ਦੇ ਸਿਰਾਂ 'ਤੇ ਮੁਨਾਰੇ ਬਣਾਏ ਗਏ ਤੇ ਉਨ੍ਹਾਂ ਦੇ ਧੜਾਂ ਨੂੰ ਮਸੀਤ ਦੀਆਂ ਕੰਧਾਂ ਹੇਠ ਦੱਬਿਆ ਗਿਆ। ਇਸ ਦੁਖਾਂਤ ਨੂੰ ਸਿੱਖ ਇਤਿਹਾਸ ਵਿਚ ਪਹਿਲਾ ਜਾਂ ਛੋਟਾ ਘੱਲੂਘਾਰਾ ਕਰਕੇ ਜਾਣਿਆ ਜਾਂਦਾ ਹੈ। ਇਸ ਕਤਲੋਗਾਰਤ ਵਿਚ ਜਿੱਥੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਪਰ ਉਸ ਨਾਲੋਂ ਕਈ ਗੁਣਾ ਹਕੂਮਤ ਦਾ ਨੁਕਸਾਨ ਹੋਇਆ।

ਯਾਦ ਰਹੇ ਕਿ ਗੁਰਸਿੱਖਾਂ ਨੂੰ ਖਤਮ ਕਰਨ ਵਾਲੇ ਖ਼ੁਦ ਖ਼ਤਮ ਹੋ ਜਾਂਦੇ ਹਨ ਪਰ ਗੁਰਸਿੱਖ ਅੰਦਰਲੀ ਸਿੱਖੀ ਸਗੋਂ ਦੂਣ-ਸਵਾਈ ਵਧੱਈ -ਫੁੱਲਦੀ, ਗੁਰਮਤਿ ਦੀ ਮਹਿਕ ਖਿੰਡਾਰਦੀ ਹੈ।

**ਦੂਸਰਾ ਘੱਲੂਘਾਰਾ** - ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਿੰਘਾਂ ਨੇ ਸੰਨ 1761 ਨੂੰ ਲਾਹੌਰ ਉੱਪਰ ਕਬਜ਼ਾ ਕਰ ਲਿਆ। ਇਸ ਸਾਲ ਹੀ 27 ਅਕਤੂਬਰ (ਦੀਵਾਲੀ) ਵਾਲੇ ਦਿਨ ਸਰਬੱਤ ਖ਼ਾਲਸਾ ਬੁਲਾ ਲਿਆ। ਜਿਸ ਵਿਚ ਗੁਰਮਤਾ ਕੀਤਾ ਗਿਆ ਕਿ ਅਹਿਮਦ ਸ਼ਾਹ ਅਬਦਾਲੀ ਦੇ ਹਮਾਇਤੀਆਂ ਨੂੰ ਸੋਧਿਆ ਜਾਵੇ ਤੇ ਉਨ੍ਹਾਂ ਦੇ ਟਿਕਾਣਿਆਂ ਨੂੰ ਆਪਣੇ ਕਬਜ਼ੇ ਵਿਚ ਲਿਆ ਜਾਵੇ। ਇਸ ਗੁਰਮਤੇ ਦੀ ਰੌਸ਼ਨੀ ਵਿਚ ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਨੇ ਸਭ ਤੋਂ ਪਹਿਲਾਂ ਜੰਡਿਆਲੇ ਦੇ ਆਕਲਦਾਸ ਨਿਰੰਜਨੀਏ ਨੂੰ ਖ਼ਾਲਸੇ ਦੀ ਈਨ ਮੰਨਣ ਲਈ ਕਿਹਾ ਪਰ ਆਕਲਦਾਸ ਨੇ ਸਿੰਘਾਂ ਨਾਲ ਸਮਝੌਤਾ ਕਰਨ ਅਤੇ ਉਸਦੀ ਸ਼ਰਨ ਵਿਚ ਆਉਣ ਦੀ ਬਜਾਏ ਅਹਿਮਦ ਸ਼ਾਹ ਅਬਦਾਲੀ ਨੂੰ ਆਪਣੀ ਸਹਾਇਤਾ ਕਰਨ ਲਈ ਬਿਨੈ-ਪੱਤਰ ਭੇਜਿਆ।

ਅਹਿਮਦ ਸ਼ਾਹ ਅਬਦਾਲੀ ਅਕਾਲਦਾਸ ਦਾ ਪੱਤਰ ਮਿਲਦਿਆਂ ਹੀ 40 ਹਜ਼ਾਰ ਫ਼ੌਜ ਨਾਲ ਲੈ ਕੇ ਮਾਰੋ-ਮਾਰ ਕਰਦਾ ਜੰਡਿਆਲੇ ਆ ਪਹੁੰਚਿਆ। (ਇਹ ਉਸਦਾ ਅੱਠਵਾਂ ਹਮਲਾ ਸੀ) ਸਿੱਖ ਚਾਹੁੰਦੇ ਸਨ ਕਿ ਉਹ ਆਪਣੇ ਪਰਿਵਾਰਾਂ ਨੂੰ ਹਮਲਾਵਰ ਦੇ ਰਾਹ ਤੋਂ ਲਾਂਭੇ ਕਰ ਦੇਣ ਅਤੇ ਆਪ ਵੈਰੀਆਂ ਦਾ ਡੱਟ ਕੇ ਮੁਕਾਬਲਾ ਕਰਨ ਅਤੇ ਦੂਸਰਾ ਜੈਨ ਖ਼ਾਂ (ਸੂਬਾ ਸਰਹਿੰਦ) ਜਿਸ ਨੇ ਸ੍ਰ. ਗਿਆਨ ਸਿੰਘ ਬਰਾੜ ਨੂੰ ਕਤਲ ਕੀਤਾ ਸੀ, ਉਸ ਪਾਸੋਂ ਬਦਲਾ ਲੈਣ ਦੀ ਵਿਉਂਤ ਬਣਾ ਕੇ ਸਿੰਘ ਅਬਦਾਲੀ ਦੇ ਆਉਣ ਤੋਂ ਪਹਿਲਾਂ ਹੀ ਜੰਡਿਆਲੇ ਤੋਂ ਉੱਠ ਕੇ ਸਰਹਿੰਦ ਨੂੰ ਤੁਰ ਪਏ। ਉਹ ਅਜੇ ਮਲੇਰਕੋਟਲੇ ਲਾਗੇ ਪਹੁੰਚੇ ਸਨ ਪਰ ਉੱਥੇ ਦੇ ਹਾਕਮ ਭੀਖਮ ਖ਼ਾਂ ਨੇ ਜੈਨ ਖ਼ਾਂ ਨੂੰ ਤੇ ਅਬਦਾਲੀ ਨੂੰ ਮਦਦ ਕਰਨ ਵਾਸਤੇ ਬੇਨਤੀ ਕੀਤੀ। ਅਬਦਾਲੀ ਅਜੇ ਜੰਡਿਆਲੇ ਤੋਂ ਲਾਹੌਰ ਵਾਪਸ ਪਰਤਿਆ ਹੀ ਸੀ ਪਰ ਉਹ ਇਸ ਇਤਲਾਹ ਨੂੰ ਮਿਲਦਿਆਂ ਹੀ 5 ਫਰਵਰੀ 1762 ਨੂੰ ਅਣਗਿਣਤ ਫ਼ੌਜ ਲੈ ਕੇ ਮਲੇਰਕੋਟਲੇ ਦੇ ਨੇੜਲੇ ਪਿੰਡ 'ਕੁਪ' ਆ ਭਬਕਿਆ। ਇਸ ਪਿੰਡ ਵਿਚ ਠਹਿਰੇ ਹੋਏ 30 ਕੁ ਹਜ਼ਾਰ ਸਿੰਘਾਂ ਨੂੰ ਪਰਿਵਾਰਾਂ ਸਮੇਤ ਘੇਰੇ ਵਿਚ ਲੈ ਲਿਆ। ਅਬਦਾਲੀ ਨੇ ਜੈਨ ਖ਼ਾਂ ਨੂੰ ਰਿਹਾ, ਤੂੰ ਸਿੰਖਾਂ 'ਤੇ ਅਗਲੇ ਪਾਸਿਉਂ ਦੀ ਹਮਲਾ ਸ਼ੁਰੂ ਕਰ ਤੇ ਮੈਂ ਪਿਛਲੇ ਪਾਸਿਉਂ ਦੀ ਕਰਦਾ ਹਾਂ। ਉਨ੍ਹਾਂ ਆਪਣੀ ਫ਼ੌਜ ਨੂੰ ਪਛਾਣ ਵਾਸਤੇ ਪੱਗਾਂ ਵਿਚ ਹਰੇ ਪੱਤੇ ਟੰਗ ਲੈਣ ਵਾਸਤੇ ਅਤੇ ਹਿੰਦੁਸਤਾਨੀ ਲਿਬਾਸ ਵਿਚ ਹਰ ਵਿਅਕਤੀ ਨੂੰ ਮਾਰ-ਮੁਕਾਉਣ ਦਾ ਹੁਕਮ ਕਰ ਦਿੱਤਾ।

ਸਿੰਘਾਂ ਨੇ ਇਹ ਯੋਜਨਾ ਬਣਾਈ ਕਿ ਬਜ਼ੁਰਗ, ਬੀਬੀਆਂ ਤੇ ਬੱਚਿਆਂ ਨੂੰ ਆਪਣੇ ਘੇਰੇ ਵਿਚ ਰੱਖਦਿਆਂ ਅਤੇ ਵੈਰੀਆਂ ਨਾਲ ਦੋ-ਹੱਥ ਕਰਦਿਆਂ ਬਰਨਾਲੇ ਵੱਲ ਵਧਿਆ ਜਾਵੇ। ਸਿੱਖਾਂ ਦੀ ਅਗਵਾਈ ਇਸ ਸਮੇਂ ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਸ਼ਿਆਮ ਸਿੰਘ ਕਰੋੜ ਸਿੰਘੀਆ ਤੇ ਸ੍ਰ. ਚੜ੍ਹਤ ਸਿੰਘ ਸ਼ੁਕਰਚੱਕੀਆ ਕਰ ਰਹੇ ਸਨ।

ਗੁਰੂ ਦੇ ਸ਼ੇਰ/ਸਿੰਘ ਸਿਮਰਨ ਕਰਦੇ ਅਤੇ ਵੈਰੀਆਂ ਦੇ ਆਹੂ ਲਾਹੁੰਦੇ ਪਿੰਡ-ਪਿੰਡ ਹੁੰਦੇ ਅਗਾਂਹ ਤੁਰੇ ਜਾਂਦੇ। ਉਨ੍ਹਾਂ ਪਿੰਡਾ ਦੇ ਉਹ ਲੋਕ ਜੋ ਸਿੱਖਾਂ ਦੀ ਚੜ੍ਹਦੀ ਕਲਾ ਨੂੰ ਦੇਖ ਕੇ ਬਰਦਾਸ਼ਤ ਨਹੀਂ ਸਨ ਕਰਦੇ, ਉਹ ਵੀ ਸਿੰਘਾਂ 'ਤੇ ਹਮਲਾ ਕਰ ਦਿੰਦੇ। ਸਿੰਘਾਂ ਨੂੰ ਪੂਰੀ-ਪੂਰੀ ਆਸ ਸੀ ਕਿ ਜੇ ਅਸੀਂ ਬਰਨਾਲੇ ਪਹੁੰਚ ਗਏ ਤਾਂ ਬਾਬਾ ਆਲਾ ਸਿੰਘ ਜੀ ਸਾਡੀ ਹਰ ਪੱਖ 'ਤੇ ਮਦਦ ਕਰਨਗੇ। ਅਫ਼ਸੋਸ ਕਿ ਉਨ੍ਹਾਂ ਦੇ ਬਰਨਾਲੇ ਪਹੁੰਚਣ ਤੋਂ ਪਹਿਲਾ ਮੁਗਲਾਂ ਨੇ ਸਿੰਘਾਂ ਦੇ ਬਾਹਰਲੇ ਘੇਰੇ ਨੂੰ ਤੋੜ ਕੇ ਭਾਰੀ ਹਮਲਾ ਕਰ ਦਿੱਤਾ। ਸ. ਜੱਸਾ ਸਿੰਘ ਆਹਲੂਵਾਲੀਆ ਤੇ ਸ. ਚੜ੍ਹਤ ਸਿੰਘ ਬੜੀ ਮਰਦਾਨਗੀ ਤੇ ਹੁਸ਼ਿਆਰੀ ਨਾਲ ਲੜੇ (ਇਸ ਜੰਗ ਵਿੱਚ ਸ. ਜੱਸਾ ਸਿੰਘ ਜੀ ਦੇ ਸਰੀਰ 'ਤੇ 22 ਫੱਟ ਲੱਗੇ ਸਨ ਪਰ ਉਹ ਅਡੋਲ ਪ੍ਰਭੂ ਦਾ ਸਿਮਰਨ ਕਰਨ ਕਰਕੇ ਜ਼ਖ਼ਮਾਂ ਦੀ ਪ੍ਰਵਾਹ ਨਹੀਂ ਸਨ ਕਰਦੇ।

ਜਦੋ ਸ. ਜੱਸਾ ਸਿੰਘ ਆਹਲੂਵਾਲੀਏ ਦੇ ਇਕ ਅੰਗ-ਰਖਸ਼ਕ ਨੇ ਦੁਸ਼ਮਣਾਂ ਵਿੱਚ ਘਿਰੇ ਹੋਏ ਘੋੜੇ ਨੂੰ ਚਾਬੁਕ ਮਾਰਨ ਲਈ ਹੱਥ ਉੱਪਰ ਚੁੱਕਿਆ ਤਾਂ ਸ. ਆਹਲੂਵਾਲੀਏ ਨੇ ਉਸ ਨੂੰ ਇਹ ਕਹਿ ਰੋਕ ਦਿੱਤਾ ਕਿ, 'ਤੈਨੂੰ ਘੋੜੇ ਨੂੰ ਚਾਬੁਕ ਮਾਰਦਿਆਂ ਦੇਖ ਕੇ ਕਿੱਧਰੇ ਕੋਈ ਇਹ ਨਾ ਸਮਝ ਬੈਠੇ ਕਿ ਸਿੰਘਾਂ ਦਾ ਆਗੂ ਸਰਦਾਰ ਜੱਸਾ ਸਿੰਘ ਘੋੜੇ ਨੂੰ ਕੁਟਵਾ ਕੇ ਜੰਗ 'ਚੋ ਭੱਜਾ-ਨੱਠਾ ਹੈ।'

5 ਫਰਵਰੀ 1762 ਨੂੰ ਹੋਏ ਸਿੱਖਾਂ ਦੇ ਕਤਲੇਆਮ ਵਿਚ 20-25

ਹਜ਼ਾਰ ਸਿੰਘਾਂ, ਸਿੰਘਣੀਆਂ ਤੇ ਬੱਚੇ ਸ਼ਹੀਦੀ ਜਾਮ ਪੀ ਗਏ। ਵਾਹਿਗੁਰੂ ਦੇ ਭਾਣੇ ਵਿਚ ਚੱਲਣ ਵਾਲੇ ਖ਼ਾਲਸਾ ਪੰਥ ਦੇ ਇਕ ਨਿਹੰਗ ਸਿੰਘ ਨੇ ਇਸ ਸ਼ਾਮ ਨੂੰ ਉੱਚੀ-ਉੱਚੀ ਕਿਹਾ, 'ਤਤ ਖ਼ਾਲਸਾ ਸੋ ਰਹਯੋ ਗਯੋ ਸੋ ਖੋਟ ਗਵਾਇ॥

ਸਿੱਖ ਇਤਿਹਾਸ ਵਿਚ ਇਸ ਜੰਗ ਨੂੰ ਦੂਸਰੇ ਜਾਂ ਵੱਡੇ ਘੱਲੂਘਾਰੇ ਵਜੋਂ ਜਾਣਿਆ ਜਾਂਦਾ ਹੈ।

**ਜੂਨ 1984 ਤੀਸਰਾ ਘੱਲੂਘਾਰਾ** - ਜਦੋਂ ਰਾਜੇ ਸੀਂਹ ਮੁਕਦਮ ਕੁੱਤੇ ਬਣ ਜਾਣ, ਉਦੋਂ ਭੋਲੀ-ਭਾਲੀ ਲੁਕਾਈ ਨੂੰ ਉਨ੍ਹਾਂ ਪਾਸੋਂ ਬਚਣ ਵਾਸਤੇ ਜਾਂ ਤਾਂ ਆਸਾ-ਪਾਸਾ ਕਰਨਾ ਪਵੇਗਾ ਜਾਂ ਫਿਰ ਉਨ੍ਹਾਂ ਦੇ ਦੰਦ ਭੰਨਣ ਵਾਸਤੇ (ਹਥਿਆਰ ਬੰਦ ਹੋ ਕੇ) ਮੈਦਾਨ ਵਿਚ ਨਿਤਰਣਾ ਪਵੇਗਾ। ਅਗਰ ਇਹ ਜ਼ਾਲਮ ਕਿਸੇ ਨਿਹੱਥੇ/ਮਜਲੂਮ ਤੇ ਅਚਨਚੇਤ ਹੀ ਹਮਲਾ ਕਰ ਦੇਣ ਤਾਂ ਉਨ੍ਹਾਂ ਦੇ ਅੰਦਰੋਂ ਨਿਕਲੀਆਂ ਚੀਕਾਂ ਰੱਬੀ ਤਖ਼ਤ ਨੂੰ ਹਿਲਾ ਕੇ ਰੱਖ ਦਿੰਦੀਆ ਹਨ।

ਆਪਣੇ ਆਪ ਨੂੰ ਅਹਿਮਦ ਸ਼ਾਹ ਅਬਦਾਲੀ ਦੀ ਭੈਣ ਸਾਬਿਤ ਕਰਨ ਵਾਸਤੇ ਇੰਦਰਾ ਗਾਂਧੀ ਨੇ ਸਿੱਖਾਂ ਦੀ ਸਰਵ-ਉੱਚ ਅਦਾਲਤ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਲਈ ਆਪਣੀ ਗੰਦੀ ਸੋਚ ਨੂੰ ਵਰਤਣਾ ਸ਼ੁਰੂ ਕਰ ਦਿੱਤਾ। ਹਿੰਦੁਸਤਾਨ ਦੀ ਹਕੂਮਤ ਨੇ ਉੱਤਰ ਪ੍ਰਦੇਸ਼ ਦੇ ਮੈਦਾਨਾਂ ਵਿੱਚ ਗੁਰਦੁਆਰੇ ਦਾ ਮਾਡਲ ਬਣਾ ਕੇ ਉਸ ਨੂੰ ਤਬਾਹ ਕਰਨ ਦਾ ਅਭਿਆਸ ਛੇ ਮਹੀਨੇ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ।

ਇੰਦਰ ਮਲਹੋਤਰਾ ਆਪਣੀ ਕਿਤਾਬ, 'ਇੰਦਰਾਂ ਗਾਂਧੀ ਏ ਪਰਸਨਲ ਐਂਡ ਪੋਲੀਟੀਕਲ ਬਾਇਓਗ੍ਰਾਫ਼ੀ' ਵਿਚ ਜਨਰਲ ਕੇ ਸੁੰਦਰ ਜੀ ਜੋ ਕਿ ਆਪ੍ਰੇਸ਼ਨ ਬਲਿਊਸਟਾਰ (ਜੂਨ 1984) ਦਾ ਪੂਰੀ ਤਰ੍ਹਾਂ ਇੰਚਾਰਜ ਸੀ, ਦਾ ਇਹ ਕਹਿੰਦਾ ਹਵਾਲਾ ਦਿੰਦਾ ਹੈ, 'ਮੈਨੂੰ 15 ਜਨਵਰੀ 1984 ਸੈਨਾ ਦਿਵਸ ਨੂੰ ਸੁਰੱਖਿਆ ਮੰਤਰਾਲੇ ਵੱਲੋਂ ਆਪ੍ਰੇਸ਼ਨ ਦੀ ਤਿਆਰੀ ਕਰਨ ਲਈ ਕਿਹਾ ਗਿਆ।'

ਇੰਦਰਾ ਗਾਂਧੀ ਨੂੰ ਗਵਰਨਰ ਪਾਂਡੇ, ਲੈਫ਼ ਜਨਰਲ ਐੱਸ.ਕੇ. ਸਿਨਹਾ ਵਰਗੇ ਕਈ ਹੋਰ ਉੱਚ-ਅਧਿਕਾਰੀਆਂ ਨੇ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਨਾ ਕਰਨ ਦੀ ਸਲਾਹ ਦਿੱਤੀ ਪਰ ਉਸਦੇ ਕੰਨ 'ਤੇ ਜੂੰ ਨਾ ਸਰਕੀ। ਆਖ਼ਿਰ ਉਸ ਨੇ ਆਪਣੇ ਹੀ ਦੇਸ਼ ਦੇ ਨਿਆਰੇ ਤੇ ਪਿਆਰੇ ਸਿੱਖ ਪੰਥ ਦੇ ਵਾਰਿਸਾਂ ਅਤੇ ਉਨ੍ਹਾਂ ਦੀ ਸਿੱਖ ਵਿਰਾਸਤ ਨੂੰ ਖ਼ਤਮ ਕਰਨ ਵਾਸਤੇ ਦਿੱਲੀ ਤੋਂ ਪਾਪ ਦੀ ਜੰਞ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਵੱਲ ਤੋਰ ਦਿੱਤੀ, ਜਿਸ ਨੇ 3 ਜੂਨ 1984 ਵਿੱਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸ਼ਰਧਾ-ਪ੍ਰੇਮ ਨਾਲ ਮਨਾਉਣ ਆਏ ਨਿਹੱਥੇ ਸਿੱਖ/ਸ਼ਰਧਾਲੂਆਂ ਨੂੰ ਤੋਪਾਂ, ਟੈਕਾਂ, ਰਾਕੇਟਾਂ ਅਤੇ ਗ੍ਰਨੇਡਾਂ ਦੀ ਅੱਗ ਨਾਲ ਸਦਾ ਲਈ ਖ਼ਤਮ ਕਰ ਦੇਣਾ ਸੀ। ਹਿੰਦੂ ਪਰਿਵਾਰਾਂ ਨੇ ਇਸ ਪਾਪ ਦੀ ਜੰਞ ਦੇ ਸੁਆਗਤ ਵਾਸਤੇ ਸੜਕਾਂ 'ਤੇ ਵੀ 'ਵੈਲ-ਕਮ' ਲਿੱਖ ਦਿੱਤਾ, ਕਿਉਂਕਿ ਉਨ੍ਹਾਂ ਵਿਚ ਫ਼ਿਰਕੂ ਸਰਕਾਰ ਨੇ ਇਹ ਝੂਠੀ ਅਫ਼ਵਾਹ ਫ਼ੈਲਾਈ ਸੀ ਕਿ 5 ਜੂਨ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਆਪਣੇ ਸਮਰੱਥਕਾਂ ਨੂੰ ਹਿੰਦੂਆਂ ਨੂੰ ਖ਼ਤਮ ਕਰਨ ਦੀ ਹਦਾਇਤ ਕੀਤੀ ਹੈ।

ਇੱਕ ਜੂਨ ਨੂੰ ਦਰਬਾਰ ਸਾਹਿਬ ਸਮੂਹ ਨਾਲ ਲੱਗਦੀਆਂ ਇਮਾਰਤਾਂ ਵਿਚ ਪਹਿਲਾਂ ਹੀ ਮੋਰਚਾਬੰਦੀ ਕੀਤੀ ਗਈ ਸੀ.ਆਰ.ਪੀ. ਐਫ਼. ਦੀ ਟੁਕੜੀ ਨੇ ਦੁਪਹਿਰ 12.40 ਤੋਂ ਗੋਲਾਬਾਰੀ ਸ਼ੁਰੂ ਕਰਕੇ 7 ਵਜੇ ਤੱਕ ਜਾਰੀ ਰੱਖੀ। ਜਿਨ੍ਹਾਂ ਵਿਚੋਂ ਕਈ ਗੋਲੀਆਂ ਦਰਬਾਰ ਸਾਹਿਬ ਦੀ ਇਮਾਰਤ 'ਤੇ ਲੱਗੀਆਂ। ਦੋ ਜੂਨ ਨੂੰ ਫ਼ੌਜ ਦੀਆਂ 7 ਡਵੀਜ਼ਨਾਂ ਪੰਜਾਬ ਦੇ ਪਿੰਡਾਂ ਵਿਚ ਤਾਇਨਾਤ ਕਰ ਦਿੱਤੀਆਂ ਗਈਆਂ, ਮੀਡੀਆ ਪ੍ਰੈੱਸ, ਆਵਾਜਾਈ ਦੇ ਸਾਧਨਾਂ 'ਤੇ ਪਾਬੰਦੀ ਲਗਾ ਦਿੱਤੀ ਗਈ। ਸੰਚਾਰ ਸਾਧਨ ਕੱਟ ਦਿੱਤੇ ਗਏ। ਦਿੱਲੀ ਤੋਂ ਚੜ੍ਹ ਕੇ ਆਈ ਫ਼ੌਜ ਨੇ ਰਾਤੋਂ-ਰਾਤ ਸੀ.ਆਰ.ਪੀ.ਐਫ਼., ਬੀ.ਐੱਸ.ਐਫ਼. ਦੀ ਥਾਂ ਆਪ ਦਰਬਾਰ ਸਾਹਿਬ ਕੰਪਲੈਕਸ ਦੀ ਘੇਰਾਬੰਦੀ ਕਰ ਲਈ। ਇਨ੍ਹਾਂ ਵਿਚ 11ਵੀਂ, ਪਹਿਲੀ, ਦੂਜੀ ਤੇ ਪੰਦਰ੍ਹਵੀਂ ਫ਼ੌਜੀ ਪਲਟਣ ਸੀ। 3-4 ਦੀ ਦਰਮਿਆਨੀ ਰਾਤ ਨੂੰ ਇਨ੍ਹਾਂ ਗੋਲਾਬਾਰੀ ਸ਼ੁਰੂ ਕੀਤੀ ਜੋ ਸਵੇਰ ਸਮੇਂ ਬੰਦ ਹੋਈ। 4 ਜੂਨ ਨੂੰ 105 ਐਮ.ਐਮ. ਗੰਨਾਂ ਬੀੜੀ ਫ਼ੌਜ ਦੇ ਮੁੱਖ ਜੰਗੀ ਟੈਂਕ ਤੇ ਜੰਗੀ ਤੋਪਖਾਨਾਂ ਨੂੰ ਕੰਪਲੈਕਸ ਦੇ ਦੁਆਲੇ ਬੀੜ ਦਿੱਤਾ ਗਿਆ, ਜਿਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਰਖਵਾਲਿਆਂ 'ਤੇ ਅੱਗ ਦਾ ਮੀਂਹ ਵਰਸਾ ਦਿੱਤਾ। 5 ਜੂਨ ਨੂੰ 9ਵੀਂ ਡਵੀਜ਼ਨ ਦੇ ਕਮਾਂਡਰ ਮੇਜਰ ਜਨਰਲ ਬਰਾੜ ਨੇ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਵਾ ਦਿੱਤਾ। ਇਸ ਦਾ ਸਹਿਯੋਗ ਤਾਮਿਲਨਾਡੂ ਤੋਂ ਮਦਰਾਸੀ, ਕੇਂਦਰੀ ਭਾਰਤ ਦੇ ਕਬੀਲਿਆਂ, 'ਚੋਂ ਬਿਹਾਰੀ, ਜੰਮੂ-ਕਸ਼ਮੀਰ ਤੋਂ ਡੋਗਰਿਆਂ, ਉੱਤਰ-ਪ੍ਰਦੇਸ਼ ਤੋਂ ਕਮਾਊਂ ਤੇ ਗੜ੍ਹਵਾਲੀਏ, ਰਾਜਸਥਾਨ ਤੋਂ ਰਾਜਪੂਤਾਂ ਅਤੇ ਨਾ-ਮਾਤਰ ਸਿੱਖਾਂ ਦੀ ਡਵੀਜ਼ਨ ਨੇ ਵੀ ਦਿੱਤਾ ਪਰ ਇਨ੍ਹਾਂ ਦਾ ਮੁਕਾਬਲਾ ਕਰਨ ਵਾਲੇ ਕੇਵਲ 100-150 ਸਿੰਘ ਸਨ, ਜੋ ਜਨਰਲ ਸੁਬੇਗ ਸਿੰਘ ਪਾਸੋਂ ਸਿਖਲਾਈ ਪ੍ਰਾਪਤ ਸਨ। ਇਨ੍ਹਾਂ ਗੁਰੂ ਦੇ ਦੂਲਿਆਂ-ਸ਼ੇਰਾਂ ਨੇ 6-7 ਜੂਨ ਦੀ ਦਰਮਿਆਨੀ ਰਾਤ ਤੱਕ ਜ਼ਾਬਤ ਹਕੂਮਤ ਜੋ ਭਾਰੀ ਗਿਣਤੀ ਵਿੱਚ ਆਈ ਸੀ, ਉਸਦਾ ਬਹੁਤ ਹਿੱਸਾ ਮਲੀਆ ਮੇਟ ਕਰ ਦਿੱਤਾ ਅਤੇ ਆਪ ਸ਼ਹੀਦੀ ਜਾਮ ਪੀ ਗਏ।

ਫ਼ੌਜ ਨੇ ਦਰਬਾਰ ਸਾਹਿਬ ਕੰਪਲੈਕਸ 'ਤੇ ਕਬਜ਼ਾ ਕਰਦਿਆਂ ਹੀ ਬਚੇ ਹੋਏ ਨਿਹੱਥੇ ਸਿੱਖ/ਸ਼ਰਧਾਲੂਆਂ ਨੂੰ ਲਾਈਨਾਂ ਵਿੱਚ ਖੜ੍ਹੇ ਕਰ-ਕਰਕੇ ਗੋਲੀਆ ਮਾਰਨੀਆਂ ਸੁਰੂ ਕਰ ਦਿੱਤੀਆਂ, ਸੌ-ਸੌ ਦੇ ਗਰੁੱਪ ਨੂੰ ਇਕ-ਇਕ ਕਮਰੇ ਵਿਚ ਅੰਦਰ ਤਾੜ ਦਿੱਤਾ, ਜਿਨ੍ਹਾ ਵਿਚੋਂ ਕਈ ਭੁੱਖੇ-ਤਿਹਾਏ ਦਮ ਤੋੜ ਗਏ। ਬਹੁਤ ਸਿੰਘਾਂ-ਸਿੰਘਣੀਆਂ ਨੂੰ ਠੁੱਡ ਤੇ ਬੂਟਾਂ ਦੀ ਮਾਰ ਨਾਲ ਜਿਉਂਦੀਆਂ ਲਾਸ਼ਾਂ ਬਣਾ ਕੇ ਰੱਖ ਦਿੱਤਾ, ਇਥੋਂ ਤੱਕ ਕਿ ਮਾਸੂਮ ਬੱਚਿਆਂ ਨੂੰ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ। ਇਹ ਕਤਲੋਗਾਰਤ ਅਹਿਮਦ ਸ਼ਾਹ ਅਬਦਾਲੀ ਤੋਂ ਪੂਰੇ ਦੋ ਸੌ ਬਾਈ ਸਾਲ ਬਾਅਦ ਹਿੰਦੁਸਤਾਨ ਦੀ ਬੁਚੜ ਫ਼ੌਜ ਨੇ ਕੀਤੀ। ਅਨੇਕਾ ਧਰਮੀ ਫ਼ੌਜੀ ਆਪਣੀਆਂ ਬੈਰਕਾਂ ਨੂੰ ਛੱਡ ਕੇ ਇਨ੍ਹਾਂ ਪਾਸੋਂ ਹਰਿਮੰਦਰ ਨੂੰ ਅਜ਼ਾਦ ਕਰਵਾਉਣ ਲਈ ਅੰਮ੍ਰਿਤਸਰ ਪੁੱਜੇ। ਜਦੋਂ ਸਿੱਖਾਂ ਨੂੰ ਮੁੜ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦੀ ਖੁੱਲ੍ਹ ਹਕੂਮਤ ਨੇ ਦਿੱਤੀ ਤਾਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਹਿ-ਢੇਰੀ ਹੋਈ, ਹੋਰ ਵੀ ਇਤਿਹਾਸਕ ਇਮਾਰਤਾਂ ਮਿੱਟੀ ਵਿਚ ਮਿਲੀਆਂ ਦਿੱਸ ਰਹੀਆਂ ਸਨ। ਮਿੱਟੀ ਵਿਚ ਤਰ

ਰਹੀਆਂ ਲਾਸ਼ਾਂ ਦੇਖ ਕੇ ਭੁੱਬਾ ਮਾਰ-ਮਾਰ ਰੋਣ ਆਉਂਦਾ। ਕੋਈ ਅਜਿਹੀ ਥਾਂ ਨਹੀਂ ਬਚੀ ਜਿੱਥੇ ਸਿੱਖਾਂ ਦਾ ਖ਼ੂਨ ਨਾ ਡੁੱਲਿਆ ਹੋਵੇ। ਮਿਊਂਸੀਪਲ ਟਰੱਕਾਂ ਵਿਚ ਸਿੱਖ/ਸ਼ਰਧਾਲੂਆਂ ਦੀਆਂ ਲਾਸ਼ਾਂ ਨੂੰ ਲੱਦ ਕੇ ਕੂੜੇ ਦੇ ਢੇਰਾਂ 'ਤੇ ਸੁੱਟ ਕੇ ਸਾੜਿਆ ਗਿਆ, ਲਾਸ਼ਾ ਦੀ ਪਹਿਲਾਂ ਜੇਬ੍ਹ ਸਾਫ਼ ਕੀਤੀ, ਭਾਵ ਪੂਰੀ ਲੁੱਟ ਮਚਾਈ। ਇਸ ਦਿਨ ਅਜਿਹਾ ਦੁਖਾਂਤ ਹੋਇਆ ਜੋ ਕਦੇ ਵੀ ਭੁੱਲਿਆ ਨਹੀਂ ਜਾ ਸਕਦਾ। ਜਿੱਥੇ ਹਿੰਦੂ ਪਰਿਵਾਰਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਨ 'ਤੇ ਖ਼ੁਸ਼ੀ ਵਿੱਚ ਮਿਠਾਈਆਂ ਵੰਡੀਆਂ, ਪੂੜੀਆਂ ਤੇ ਜੱਗ ਲਗਾਏ ਅਤੇ ਰਾਖ਼ਸ਼ੀ ਹਕੂਮਤ ਨੂੰ ਜੀ ਆਇਆਂ ਕਿਹਾ, ਉਥੇ ਸਭ ਸੰਸਾਰ ਨੇ ਹਿੰਦੁਸਤਾਨ ਦੀ ਸਰਕਾਰ ਨੂੰ ਫਿੱਟਕਾਰਾਂ ਪਾਈਆਂ। ਇਸ ਘਿਨਾਉਣੇ ਹਮਲੇ ਨੇ ਕਈ ਪੰਥ ਦਰਦੀਆਂ ਨੂੰ ਆਪਣੇ ਤਮਗੇ ਤੇ ਖ਼ਿਤਾਬ ਸਰਕਾਰ ਨੂੰ ਮੋੜਨ ਲਈ ਅਤੇ ਆਪਣਿਆਂ ਅਹੁਦਿਆਂ ਤੋਂ ਅਸਤੀਫ਼ੇ ਦੇਣ ਵਾਸਤੇ ਮਜ਼ਬੂਰ ਕੀਤਾ। ਇਸ ਦੁਖਾਂਤ ਨੂੰ ਸਿੱਖ ਇਤਿਹਾਸ ਵਿੱਚ ਤੀਜੇ ਘੱਲੂਘਾਰਾ ਵਜੋਂ ਜਾਣਿਆ ਜਾਂਦਾ ਹੈ। ਇਸ ਹੋਏ ਫ਼ੌਜੀ ਹਮਲੇ ਬਾਰੇ ਪ੍ਰਸਿੱਧ ਸ਼ਾਇਰ ਬਲਵੰਤ ਸਿੰਘ ਪ੍ਰੇਮੀ ਲਿਖਦੇ ਹਨ-

**ਸਦੀਆਂ ਪਿੱਛੋਂ ਤਵਾਰੀਖ਼ ਨੇ, ਆਪਾ ਮੁੜ ਦੁਹਰਾਇਆ॥**
**ਨਵੇਂ ਰੂਪ ਵਿੱਚ ਅਬਦਾਲੀ ਮੁੜ, ਦਿੱਲੀਓਂ ਚੜ੍ਹ ਕੇ ਆਇਆ॥**
**ਅੱਜ ਫਿਰ ਉਸ ਨੇ ਸਿੱਖ ਕੌਮ ਤੇ, ਭਾਜੀ ਨਵੀਂ ਚੜ੍ਹਾਈ॥**
**ਬਾਬਰ ਜਹਾਂਗੀਰ ਤੋਂ ਜਿਹੜੀ, ਅੱਜ ਤੱਕ ਚੱਲਦੀ ਆਈ॥**
**ਦਿੱਲੀ ਦੇ ਤਖ਼ਤ ਨੇ ਅੱਜ ਫਿਰ ਪੂਰੀ ਰੀਤ ਨਿਭਾਈ॥**

**ਨਵੰਬਰ 1984 ਚੌਥਾ ਘੱਲੂਘਾਰਾ** - ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਸਿੱਖ ਆਪਣੇ ਪਿਆਰੇ ਸਿੱਖ ਪੰਥ ਵੱਲ ਮੰਦੀ ਨਜ਼ਰ ਉਠਾਉਣ ਵਾਲੇ ਦੀਆਂ ਅੱਖਾਂ ਕੱਢ ਦਿੰਦੇ ਹਨ। ਇੰਦਰਾ ਗਾਂਧੀ ਵੱਲੋਂ ਜੂਨ 1984 ਵਿਚ ਸਿੱਖਾਂ ਦੇ ਪਾਵਨ-ਪਵਿੱਤਰ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ/ਹਰਿਮੰਦਰ ਸਾਹਿਬ ਅਤੇ ਹੋਰ 74 ਗੁਰਦੁਆਰਿਆਂ 'ਤੇ ਕੀਤੇ ਗਏ ਹਮਲੇ ਨੂੰ ਭਲਾ ਕਿਵੇਂ ਬਰਦਾਸ਼ਤ ਕਰ ਸਕਦੇ ਸਨ? ਇਸ ਹਮਲੇ ਨੇ ਤਾਂ ਸਿੱਖਾਂ ਦੇ ਦਿਲਾਂ 'ਤੇ ਨਸੂਰ ਪੈਦਾ ਕਰ ਦਿੱਤੇ ਸਨ, ਉਹ ਤਾਂ ਮੌਕਾ ਦੇਖ ਰਹੇ ਸਨ ਕਿ ਸਤਿਗੁਰੂ ਕਦੋਂ ਬਖ਼ਸ਼ਿਸ਼ ਕਰੇ ਤੇ ਕਦੋਂ ਇਸ ਪਾਪਣ ਨੂੰ ਸੋਧਿਆ ਜਾਵੇ।

ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਦੁਆਰਾ ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ ਨੇ ਕੀਤੀ ਹੋਈ ਅਰਦਾਸ ਨੂੰ ਪੂਰਾ ਕਰਦਿਆਂ 31 ਅਕਤੂਬਰ 1984 ਨੂੰ ਇੰਦਰਾ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ, ਜਿਸ ਤਰ੍ਹਾਂ ਉਸਨੇ ਆਪਣੀ ਵਹਿਸ਼ੀ ਫ਼ੌਜ ਰਾਹੀਂ ਸਿੱਖਾਂ ਦੀ ਵਿਰਾਸਤ ਨੂੰ ਕੀਤਾ ਸੀ। ਇੰਦਰਾ ਦੇ ਮਰਨ ਦੀ ਦੇਰ ਹੀ ਸੀ ਕਿ ਸਿੱਖ ਵਿਰੋਧੀਆਂ ਨੇ ਅਫ਼ਵਾਹਾਂ ਫ਼ੈਲਾ ਦਿੱਤੀਆਂ ਕਿ ਸਿੱਖ ਖ਼ੁਸ਼ੀ ਵਿੱਚ ਭੰਗੜਾ ਪਾ ਰਹੇ ਹਨ ਅਤੇ ਮਠਿਆਈਆਂ ਵੰਡ ਰਹੇ ਹਨ, ਉਨ੍ਹਾਂ ਨੇ ਪੰਜਾਬ ਵਿੱਚ ਹਿੰਦੂ ਮਾਰਨੇ ਸ਼ੁਰੂ ਕੀਤੇ ਹਨ, ਹਿੰਦੂਆਂ ਦੀਆਂ ਲਾਸ਼ਾਂ ਦੀ ਭਰੀ ਇਕ ਗੱਡੀ ਰੇਲਵੇ ਸਟੇਸ਼ਨ 'ਤੇ ਖੜ੍ਹੀ ਹੈ, ਸਿੱਖਾਂ ਨੇ ਪਾਣੀ ਵਿੱਚ ਜ਼ਹਿਰ ਘੋਲ ਦਿੱਤਾ ਹੈ। ਇਸ ਤਰ੍ਹਾਂ ਦੀਆਂ ਅਫ਼ਵਾਹਾਂ ਨੇ ਕਾਂਗਰਸੀ/ਹਿੰਦੂਆਂ ਨੂੰ ਭੜਕਾ ਦਿੱਤਾ। ਰਾਖਸ਼ਣੀ ਮਾਂ ਦੇ ਪੁੱਤ ਰਾਜੀਵ ਗਾਂਧੀ ਨੇ ਸਿੱਖਾਂ ਦਾ ਖ਼ੂਨ ਖ਼ਰਾਬਾ ਕਰਨ ਦਾ ਸਿੱਧਾ ਹੀ ਐਲਾਨ ਕਰ ਦਿੱਤਾ। ਕਾਂਗਰਸੀ ਆਗੂਆਂ ਨੇ ਡੀ.ਟੀ.ਸੀ. ਬੱਸਾਂ ਵਿਚ ਗੁੰਡੇ ਮੰਗਵਾ ਕੇ ਸਿੱਖਾਂ ਦੇ ਘਰਾਂ, ਦੁਕਾਨਾਂ ਤੇ ਗੁਰਦੁਆਰਿਆਂ ਨੂੰ ਅੱਗ ਲਗਵਾ ਦਿੱਤੀ। ਭੜਕੇ ਹੋਏ ਕਾਂਗਰਸੀ/ਹਿੰਦੂਆਂ ਨੇ ਸਿੰਘ, ਸਿੰਘਣੀਆਂ ਅਤੇ ਮਾਸੂਮਾਂ ਨੂੰ ਤੇਲ ਪਾ-ਪਾ ਕੇ ਅਤੇ ਗਲਾਂ ਵਿਚ ਟਾਇਰ ਪਾ-ਪਾ ਜਿਊਂਦੇ ਸਾੜਿਆ, ਜਦੋਂ ਇਹ ਤੜਫ਼ਦੇ ਸਨ ਤਾਂ ਵਹਿਸ਼ੀ ਦਰਿੰਦੇ ਤਾੜੀਆਂ ਮਾਰ-ਮਾਰ ਹੱਸਦੇ। ਲਲਿਤ ਮਾਕਨ ਨੇ ਭੜਕੀ ਹੋਈ ਭੀੜ ਨੂੰ ਹੋਰ ਭੜਕਾਇਆ। ਸੱਜਣ ਕੁਮਾਰ ਤੇ ਜਗਦੀਸ਼ ਟਾਇਟਲਰ ਨੇ ਸਿੱਖਾਂ ਦਾ ਨਾਮ-ਨਿਸ਼ਾਨ ਮਿਟਾਉਣ ਵਾਸਤੇ ਗੁੰਡਿਆਂ ਨੂੰ ਇਕ-ਇਕ ਹਜ਼ਾਰ ਰੁਪਿਆ ਅਤੇ ਇਕ-ਇਕ ਬੋਤਲ ਸ਼ਰਾਬ ਵੀ ਵੰਡੀ। ਧਰਮਦਾਸ ਸ਼ਾਸ਼ਤਰੀ ਨੇ ਵੋਟ ਲਿਸਟਾਂ ਦੇ ਆਧਾਰ 'ਤੇ ਸਿੱਖਾਂ ਦੀ ਨਸਲਕੁਸ਼ੀ ਕਰਨ ਦਾ ਆਦੇਸ ਦਿੱਤਾ ਤੇ ਉਹ ਪੂਰਾ ਵੀ ਕਰਵਾਇਆ ਕਿ ਪੁਲਿਸ ਚੁੱਪ-ਚਾਪ ਤਮਾਸ਼ਾ ਦੇਖਦੀ ਰਹੀ ਅਗਰ ਜੋ ਨਾਟਕੀ ਤੌਰ 'ਤੇ ਫੜੇ ਗਏ ਗੁੰਡਿਆਂ ਨੂੰ ਹਰਕ੍ਰਿਸ਼ਨ ਲਾਲ ਭਗਤ ਨੇ ਛੁਡਵਾ ਲਿਆ। ਯਾਦ ਰਹੇ ਕਿ 'ਅਹਿੰਸਾ ਪਰਮੋ ਧਰਮਾ' ਕਹਿਣ ਵਾਲਿਆ ਨੇ ਨਵੰਬਰ 1984 ਦੇ ਪਹਿਲੇ ਹਫ਼ਤੇ 'ਹਿੰਸਾ ਦੀ ਖੁੱਲ੍ਹ ਦੇ ਕੇ ਹਿਸਾ ਦੀ ਜਾਚ ਸਿੱਖੀ ਤੇ ਹੋਰਨਾਂ ਨੂੰ ਸਿਖਾਈ, ਬੇਸ਼ੱਕ ਹੋਰ ਵੀ ਸ਼ਹਿਰ/ਸੂਬਿਆਂ ਵਿਚ ਵੀ ਸਿੱਖਾਂ ਦਾ ਕਤਲੇਆਮ ਹੋਇਆ ਪਰ ਇਨ੍ਹਾਂ ਵਹਿਸ਼ੀ ਦਰਿੰਦਿਆਂ ਨੇ ਦਿੱਲੀ ਵਿਚ ਬੇਦੋਸ਼ੇ ਸਿੱਖਾਂ ਦਾ ਜਾਨਵਰਾਂ ਵਾਂਗ ਸ਼ਿਕਾਰ ਕੀਤਾ। ਘੱਟੋ-ਘੱਟ ਇਸ ਕਤਲੇਆਮ ਵਿਚ 5000 ਸਿੱਖ ਦਿੱਲੀ ਵਿਚ ਹੀ ਸ਼ਹੀਦ ਕੀਤੇ ਗਏ। ਔਰਤਾਂ ਨਾਲ ਜ਼ਬਰ-ਜਿਨਾਹ ਕਰਨ ਵਾਲੇ ਅਤੇ ਸਿੱਖਾਂ ਦੇ ਕਤਲੇਆਮ ਕਰਨ ਵਾਲਿਆਂ ਨੂੰ ਨਿਰਦੋਸ਼ ਸਾਬਿਤ ਕੀਤਾ ਗਿਆ।

ਅਫ਼ਸੋਸ ਕਿ ਅੱਜ ਤੱਕ ਸਾਡੇ ਅਖੌਤੀ ਸਿੱਖ ਆਗੂ ਭਾਵੇਂ ਕੇਂਦਰੀ ਸਰਕਾਰ ਨਾਲ ਭਾਈਵਾਲੀ ਪਾਈ ਬੈਠੇ ਹਨ ਪਰ ਉਹ ਵੀ ਉਨ੍ਹਾਂ ਨੂੰ ਸਜ਼ਾ ਨਾ ਦਿਵਾ ਸਕੇ। ਇਸ ਸਿੱਖਾਂ ਦੇ ਕਤਲੇਆਮ ਨੂੰ ਸਿੱਖ ਇਤਿਹਾਸ ਵਿਚ ਚੌਥੇ ਘੱਲੂਘਾਰੇ ਵਜੋਂ ਜਾਣਿਆ ਜਾਵੇਗਾ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਮਈ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਚੰਡੀਗੜ੍ਹ ਵਿਚ ਓ.ਬੀ.ਸੀ. ਦੀ ਰਿਜ਼ਰਵੇਸ਼ਨ ਬਾਰੇ ਜੋ ਪੱਤਰ ਪ੍ਰਧਾਨ ਮੰਤਰੀ ਅਤੇ ਸਬੰਧਕ ਮੰਤਰਾਲਿਆ ਨੂੰ ਲਿਖਿਆ ਗਿਆ ਸੀ, ਹਿਉਮਨ ਰਿਸੋਰਸ ਅਤੇ ਡਵੈਲਪਮੈਂਟ ਮੰਤਰਾਲਿਆ ਨੇ ਪੱਤਰ ਨੰ-402ਸੀ ਵਿੰਗ ਨਿਊਂ ਦਿੱਲੀ ਮਿਤੀ 24-04-2018 ਰਾਹੀਂ ਸੈਕਰੇਟਰੀ ਟੈਕਨੀਕਲ ਐਜੂਕੇਸ਼ਨ ਯੂਨੀਅਨ ਟੈਰੇਟਰੀ ਚੰਡੀਗੜ੍ਹ, ਡਿਪਟੀ ਡਾਇਰੈਕਟਰ ਟੈਕਨੀਕਲ ਐਜੂਕੇਸ਼ਨ ਵਿੰਗ ਚੰਡੀਗੜ੍ਹ ਅਤੇ ਯੂਨੀਵਰਸਿਟੀ ਗਰਾਂਟ ਕਮਿਸ਼ਨ ਨਵੀਂ ਦਿੱਲੀ ਨੂੰ ਹਦਾਇਤ ਕੀਤੀ ਹੈ ਕਿ ਇਸ ਵਿਸ਼ੇ ਤੇ ਜਲਦੀ ਤੋਂ ਜਲਦੀ ਕਮੈਂਟਸ ਭੇਜੇ ਜਾਣ ਅਤੇ ਇਸ ਬਾਰੇ ਫੈਸਲਾ ਲਿਆ ਜਾਵੇ। ਇਸ ਦੀ ਇੱਕ ਕਾਪੀ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਨੂੰ ਵੀ ਭੇਜੀ ਗਈ ਹੈ।

ਇਸ ਵਿਸ਼ੇ ਦੇ ਕੋਰਟ ਕੇਸ ਬਾਰੇ ਇਸ ਦੀ ਸੁਣਵਾਈ ਮਿਤੀ ਜੁਲਾਈ ਵਿਚ ਪਾ ਦਿੱਤੀ ਗਈ ਸੀ, ਪਰ ਸਾਡੀ ਛੇਤੀ ਸੁਣਵਾਈ ਦੀ ਅਪੀਲ ਤੋਂ ਬਾਅਦ ਅਗਲੀ ਮਿਤੀ 29-05-2018 ਨੂੰ ਦਿੱਤੀ ਗਈ ਹੈ। ਇਸ ਤੋਂ ਬਾਅਦ ਜੋ ਵੀ ਫੈਸਲਾ ਹੋਇਆ ਸਭ ਮੈਂਬਰਾਂ ਦੇ ਧਿਆਨ ਵਿੱਚ ਮੈਗਜੀਨ ਰਾਹੀਂ ਲਿਆ ਦਿੱਤਾ ਜਾਵੇਗਾ।

19-05-2018 ਨੂੰ ਕਾਰਜਕਾਰੀ ਕਮੇਟੀ ਦੀ ਮੀਟਿੰਗ ਹੋਈ ਸੀ, ਜਿਸ ਵਿੱਚ ਤਕਰੀਬਨ 60 ਮੈਂਬਰਾਂ ਨੇ ਹਿੱਸਾ ਲਿਆ ਸੀ। ਇਸੇ ਮੀਟਿੰਗ ਵਿੱਚ ਕਾਫੀ ਫੈਸਲੇ ਲਏ ਗਏ। ਇਸ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਲੁਬਾਣਾ ਸਮਾਜ ਸੁਧਾਰ ਕਮੇਟੀ ਬਣਾਈ ਜਾਵੇਗੀ ਜਿਸ ਦੇ 21 ਮੈਂਬਰ ਹੋਣਗੇ ਜੋ ਸਮਾਜ ਸੁਧਾਰ ਬਾਰੇ ਫੈਸਲਾ ਲਿਆ ਕਰਨਗੇ। ਇਹ ਕਮੇਟੀ ਸਮਾਜ ਸੁਧਾਰ ਬਾਰੇ ਫੈਸਲੇ ਲਵੇਗੀ ਅਤੇ ਸਬ ਕਮੇਟੀਆਂ ਜੋ ਹਰ ਪ੍ਰਦੇਸ਼ ਵਿਚ ਹੋਣਗੀਆਂ ਉਨ੍ਹਾਂ ਰਾਹੀਂ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰੇਗੀ।



ਭਵਨ ਵਿਚ ਇਕ ਵਧੀਆ ਕਾਨਫਰੰਸ ਹਾਲ ਤਿਆਰ ਕੀਤਾ ਜਾਵੇਗਾ ਅਤੇ ਸਭ ਜ਼ਰੂਰੀ ਮੀਟਿੰਗਾਂ ਇਸ ਕਾਨਫਰੰਸ ਹਾਲ ਵਿਚ ਕੀਤੀਆਂ ਜਾਣਗੀਆਂ। ਇਸ ਵਿਚ ਕੌਮ ਦੇ ਵੱਡੇ ਅਹੁਦਿਆਂ ਤੇ ਕੰਮ ਕਰ ਰਹੇ ਅਫ਼ਸਰ ਅਤੇ ਸੇਵਾ ਮੁਕਤ ਅਫਸਰਾਂ ਦੀਆਂ ਮੀਟਿੰਗਾਂ ਵੀ ਕੀਤੀਆਂ ਜਾਣਗੀਆਂ ਅਤੇ ਕੌਮ ਬਾਰੇ ਸੁਝਾਓ ਲਏ ਜਾਣਗੇ।

ਸ. ਬਲਬੀਰ ਸਿੰਘ ਸਤਿਕਾਰਯੋਗ ਮੈਂਬਰ ਸਾਹਿਬਾਨ ਜੋ ਚੰਡੀਗੜ੍ਹ ਰਹਿੰਦੇ ਹਨ ਨੇ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਦੇ ਧਿਆਨ ਵਿਚ ਲਿਆਂਦਾ ਹੈ ਕਿ ਗੁਰਦੁਆਰਾ ਨਾਢਾ ਸਾਹਿਬ ਜੋ ਨਾਢੂ ਸ਼ਾਹ ਲੁਬਾਣੇ ਨਾਮ ਨਾਲ ਜੁੜਿਆ ਹੋਇਆ ਹੈ। ਇਹ ਇਤਿਹਾਸਿਕ ਗੁਰਦੁਆਰਾ ਐਸ.ਜੀ.ਪੀ.ਸੀ. ਦੇ ਕੰਟਰੋਲ ਵਿੱਚ ਹੈ। ਸ਼ੁਰੂ ਤੋਂ ਹੀ ਜੋ ਇਸ ਦੇ ਇਤਿਹਾਸ ਦੇ ਬੋਰਡ ਲੱਗੇ ਹਨ। ਉਨ੍ਹਾਂ ਵਿਚ ਨਾਢੂ ਸ਼ਾਹ ਦੇ ਨਾਮ ਨਾਲ ਲੁਬਾਣਾ ਲਿਖਿਆ ਹੋਇਆ ਸੀ। ਕੁਝ ਮਹੀਨਿਆਂ ਤੋਂ ਨਾਢੂ ਸ਼ਾਹ ਲੁਬਾਣੇ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾ ਦਿੱਤਾ ਗਿਆ ਹੈ। ਪ੍ਰਧਾਨ ਜੀ ਨੇ ਸ. ਬਲਬੀਰ ਸਿੰਘ ਨੂੰ ਭਰੋਸਾ ਦਿੱਤਾ ਕਿ ਤੱਥਾਂ ਦੀ ਪੂਰੀ ਘੋਖ ਕਰਕੇ ਮੈਨੇਜਰ ਨਾਢਾ ਸਾਹਿਬ ਗੁਰਦੁਆਰੇ ਨੂੰ ਮਿਲ ਕੇ ਇਹ ਮਾਮਲਾ ਐਸ.ਜੀ.ਪੀ.ਸੀ. ਦੇ ਧਿਆਨ ਵਿਚ ਲਿਆਂਦਾ ਜਾਵੇਗਾ ਅਤੇ ਹਰ ਹਾਲਤ ਵਿਚ ਕੋਸ਼ਿਸ਼ ਕੀਤੀ ਜਾਵੇਗੀ ਕਿ ਨਾਢੂ ਸ਼ਾਹ ਨਾਮ ਨਾਲੋਂ ਲੁਬਾਣਾ ਕੌਮ ਅੱਖਰ ਨਾਂ ਹਟਾਇਆ ਜਾਵੇ ਅਤੇ ਮੈਗਜ਼ੀਨ ਦੇ ਅਗਲੇ ਐਡੀਸ਼ਨ ਵਿੱਚ ਪੂਰਾ ਵੇਰਵਾ ਦਿੱਤਾ ਜਾਵੇਗਾ।

**ਮੈਡੀਕਲ ਵਿੰਗ ਬਾਰੇ:-**

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇਹਨ। ਮਈ ਮਹੀਨੇ ਦੇ ਚੈੱਕਅਪ ਅਤੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:–

1. ਮੈਡੀਕਲ ਓ.ਪੀ.ਡੀ – 221
2. ਮੈਡੀਕਲ ਲੈਬ – 53
3. ਡੈਂਟਲ ਕਲੀਨਿਕ – 42

**ਮੈਡੀਕਲ ਕੈਂਪ ਬਾਰੇ:-**

ਮਈ ਦੇ ਮਹੀਨੇ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ 9 ਕੈਂਪ ਲਗਾਏ ਗਏ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:–

| **ਲੜੀ ਨੰ.** | **ਮਿਤੀ ਅਤੇ ਸਥਾਨ** | **ਮਰੀਜ਼** |
|---|---|---|
| 1. | 13–05–2018/ਅਵਤਾਰ ਨਗਰ, ਜਲੰਧਰ | 121 |
| 2. | 17–05–2018/ਗੁਰਦੁਆਰਾ ਸਾਹਿਬ ਸੰਤ ਪ੍ਰੇਮ ਸਿੰਘ ਨਗਰ 66 ਫੁੱਟ ਰੋਡ, ਜਲੰਧਰ | 40 |
| 3. | 19–05–2018/ਪਿੰਡ ਨਾਗਰਾ | 46 |
| 4. | 22–05–2018/ਪਿੰਡ ਔਲਖ਼, ਨੇੜੇ ਹਰਚੋਵਾਲ, ਜ਼ਿਲ੍ਹਾ–ਜਲੰਧਰ | 52 |
| 5. | 23–05–2018/ਪਿੰਡ ਔਲਖ਼, ਨੇੜੇ ਹਰਚੋਵਾਲ, ਜ਼ਿਲ੍ਹਾ–ਜਲੰਧਰ | 93 |
| 6. | 24–05–2018/ਸਲੇਮਪੁਰ, ਜ਼ਿਲ੍ਹਾ–ਹੁਸ਼ਿਆਰਪੁਰ | 41 |
| 7. | 26–05–2018/ਗੁਰੂ ਘਰ ਬਾਬਾ ਜੀਵਨ ਸਿੰਘ ਨਗਰ, ਜਲੰਧਰ | 35 |
| 8. | 30–05–2018/ਗੁਰੂ ਘਰ ਮਿੱਠਾਪੁਰ, ਜਲੰਧਰ | 44 |
| 9. | 31–05–2018/ਗੁਰੂ ਘਰ ਬਾਬਾ ਬੁੱਢਾ ਜੀ ਫਕੋਆ | 46 |

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ**


# ਨਾਮ ਤੇਰਾ ਆਧਾਰੁ ਮੇਰਾ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਾਈ ਹੈ ਨਾਰਿ॥**
**ਕਹਿ ਕਬੀਰ ਗੁਲਾਮ ਘਰ ਕਾ ਜੀਆਇ ਭਾਵੈ ਮਾਰਿ॥**
**(ਗਉੜੀ ਕਬੀਰ ਜੀ ਪੰਨਾ 338)**

ਅਕਾਲ ਪੁਰਖ ਦੀ ਸ੍ਰਿਸ਼ਟੀ ਵਿੱਚ ਅਣਗਿਣਤ ਵਸਤੂਆਂ ਹਨ ਤੇ ਵਸਤੂਆਂ ਦੀ ਪਹਿਚਾਨ ਵਾਸਤੇ ਮਨੁੱਖ ਨੇ ਵਸਤੂਆਂ ਨੂੰ ਨਾਮ ਦਿੱਤੇ ਹਨ ਤਾਂ ਕਿ ਵਸਤੂਆਂ ਦਾ ਲੈਣ-ਦੇਣ ਠੀਕ ਚਲਦਾ ਰਹੇ। ਜੋ ਅੱਖਰੀ ਨਾਮ ਲੈਂਦੇ ਹਾਂ ਇਨ੍ਹਾਂ ਦੀ ਮਹਾਨਤਾ ਦਾ ਤਾਂ ਪਤਾ ਲੱਗੇਗਾ ਜੇ ਕਦੀ ਬੰਦਾ ਸਿਰਫ ਇਹ ਫੈਸਲਾ ਕਰ ਲਵੇ ਕਿ ਮੈਂ ਸੰਸਾਰ ਦੇ ਬਜ਼ਾਰ ਵਿਚ ਵਿਚਰਾਂਗਾ ਪਹਿਲਾਂ ਵਾਂਗ ਹੀ ਪਰ ਇਕ ਦਿਨ ਬਿਨਾਂ ਬੋਲਿਆ ਬਿਨਾਂ ਲਿਖਿਆਂ ਬਿਤਾਵਾਂਗਾ। ਇਸ ਮੁਸ਼ਕਿਲ ਦਾ ਪਤਾ ਲੱਗੇਗਾ ਕਿ ਮੈਂ ਤਾਂ ਸਮੁੱਚੀ ਮਾਨਵਤਾ ਨਾਲੋਂ ਹੀ ਟੁੱਟ ਗਿਆ ਹਾਂ। ਜੇ ਇਕ ਦਿਨ ਵਾਸਤੇ ਸਮੁੱਚਾ ਦੇਸ਼ ਇਹ ਫੈਸਲਾ ਕਰ ਲਵੇ ਕਿ ਅੱਜ ਨਾ ਹੀ ਬੋਲਾਂਗੇ ਨਾ ਹੀ ਲਿਖਾਂਗੇ ਤਾਂ ਕੀ ਹਾਲ ਹੋਵੇਗਾ। ਜੇ ਸਮੁੱਚੀ ਦੁਨੀਆਂ ਹੀ ਇਕ ਦਿਨ ਲਈ ਇਹ ਫੈਸਲਾ ਕਰ ਲਵੇ ਕਿ ਅੱਜ ਅਖਰ ਵਰਤੋਂ ਵਿੱਚ ਨਹੀਂ ਲਿਆਵਾਂਗੇ ਨਾ ਹੀ ਲਿਖ ਕੇ ਨਾ ਹੀ ਬੋਲਕੇ ਤਾਂ ਸੰਸਾਰ ਦੀ ਕੀ ਦਸ਼ਾ ਹੋਵੇਗੀ। ਕੋਈ ਇਕ ਸਾਧੂ ਮੋਨ ਧਾਰ ਲੈਂਦਾ ਹੈ ਉਹ ਸਮਾਂ ਪਾਸ ਕਰ ਸਕਦਾ ਹੈ ਪਰ ਕਾਰੋਬਾਰ ਦਾ ਕੀ ਬਣੇਗਾ। ਫਿਰ ਸਾਧੂ ਵੀ ਪੂਰਨ ਮੋਨ ਨਹੀਂ ਰੱਖ ਸਕਦਾ ਉਹ ਵੀ ਕੋਈ ਭਾਸ਼ਾ ਵਰਤਦਾ ਹੈ। ਮੋਨੀ ਸਾਧੂ ਮੂੰਹੋਂ ਨਹੀਂ ਬੋਲਦੇ ਪਰ ਲਿਖ ਕੇ ਗੱਲ ਕਰਦਿਆਂ ਉਨ੍ਹਾਂ ਨੂੰ ਮੈਂ ਆਪ ਵੇਖਿਆ ਹੈ। ਇਸ਼ਾਰਿਆਂ ਦੀ ਵੀ ਭਾਸ਼ਾ ਹੈ ਮੋਨੀ ਸਾਧੀ ਇਸ਼ਾਰੇ ਕਰਕੇ ਗੱਲਾਂ ਕਰਦੇ ਹਨ। ਅੱਖਰਾਂ ਰਾਹੀਂ ਰੱਖੇ ਨਾਮ ਬੜੀ ਮਹਾਨਤਾ ਰੱਖਦੇ ਹਨ। ਸਕੂਲ, ਕਾਲਜ ਵਿੱਚ ਅੱਖਰ ਹੀ ਪੜ੍ਹਾਏ ਜਾ ਰਹੇ ਹਨ। ਧਾਰਮਿਕ ਅਸਥਾਨਾਂ ਤੇ ਵੀ ਅੱਖਰਾਂ ਰਾਹੀਂ ਪ੍ਰਮਾਤਮਾ ਦੀ ਸਿਫਤ ਸਲਾਹ ਕੀਤੀ ਜਾ ਰਹੀ ਹੈ। ਕੁਛ ਕਿਸੇ ਨੂੰ ਦੇਂਦੇ ਹਾਂ ਤਾਂ ਅੱਖਰ ਬੋਲਣੇ ਪੈਂਦੇ ਹਨ, ਕੁਛ ਕਿਸੇ ਕੋਲੋਂ ਮੰਗਦੇ ਹਾਂ ਤਾਂ ਅੱਖਰ ਬੋਲਣੇ ਪੈਂਦੇ ਹਨ। ਬੈਂਕਾਂ ਦਾ ਸਾਰਾ ਕੰਮ ਅੱਖਰਾਂ ਰਾਹੀਂ ਚਲ ਰਿਹਾ ਹੈ। ਸੱਚ ਤਾਂ ਇਹ ਹੈ ਕਿ ਪੜ੍ਹੇ ਲਿਖੇ ਤਾਂ ਅੱਖਰ ਵਰਤਦੇ ਹੀ ਹਨ ਅਨਪੜ੍ਹ ਵੀ ਅੱਖਰਾਂ ਦੇ ਆਸਰੇ ਬੋਲ ਰਿਹਾ ਹੈ ਉਸ ਦੇ ਸ਼ਬਦ ਅਨਘੜੇ ਹਨ, ਅਸ਼ੁੱਧ ਹਨ ਪਰ ਹੈ ਉਹ ਵੀ ਅੱਖਰਾਂ ਦੇ ਆਸਰੇ ਹੀ। ਅਸੀਂ ਵਾਹਿਗੁਰੂ, ਅੱਲਾ, ਰਾਮ ਕਹਿਣਾ ਹੋਵੇ ਤਾਂ ਵੀ ਅੱਖਰਾਂ ਦੀ ਜ਼ਰੂਰਤ ਹੈ। ਅਸੀਂ ਕਿਸੇ ਬੰਦੇ ਦੀ ਨਿੰਦਾ ਚੁਗਲੀ ਕਰਨੀ ਹੋਵੇ ਤਾਂ ਵੀ ਅੱਖਰਾਂ ਦੀ ਜ਼ਰੂਰਤ ਹੈ। ਅਸੀਂ ਕਿਸੇ ਨੂੰ ਬੁਰੀ ਤਰ੍ਹਾਂ ਬੁਰੀ ਗਾਲ੍ਹ ਵੀ ਦੇਣੀ ਹੋਵੇ ਤਾਂ ਵੀ ਅੱਖਰਾਂ ਦੀ ਜ਼ਰੂਰਤ ਹੈ। ਅੱਖਰਾਂ ਰਾਹੀਂ ਰੱਖੇ ਨਾਮ ਐਸੇ ਪਹਿਚਾਨ ਦੇ ਵਸੀਲੇ ਹਨ ਕਿ ਇਨ੍ਹਾਂ ਬਿਨਾਂ ਅੱਜ ਮਨੁੱਖੀ ਜੀਵਨ ਅਧੂਰਾ ਜਾਪਦਾ ਹੈ। ਇਹ ਠੀਕ ਹੈ ਕਿ ਕਦੀ ਬੰਦੇ ਦੇ ਪਾਸ ਸ਼ਬਦ ਨਹੀਂ ਸਨ ਬੋਲ ਤੇ ਅੱਖਰ ਨਹੀਂ ਸਨ, ਇਹ ਬੋਲ ਨਹੀਂ ਸੀ ਸਕਦਾ, ਇਹ ਲਿਖ ਨਹੀਂ ਸੀ ਸਕਦਾ। ਪਰ ਇਹ ਵੀ ਸੱਚ ਹੈ ਕਿ ਉਸ ਵੇਲੇ ਬੰਦਾ ਬਿਲਕੁਲ ਪਸ਼ੂਆਂ ਵਾਲਾ ਜੀਵਨ ਜੀ ਰਿਹਾ ਸੀ ਖੁਰਾਕ ਇਕੱਠੀ ਕਰਨੀ, ਖਾ ਲੈਣੀ, ਸੌਂ ਲੈਣਾ, ਔਲਾਦ ਪੈਦਾ ਕਰ ਲੈਣੀ ਬਿਲਕੁਲ ਪਸ਼ੂ ਜੈਸਾ ਜੀਵਨ ਸੀ।



ਅਕਾਲ ਪੁਰਖ ਨੇ ਜੋ ਇਨਸਾਨ ਤੇ ਮਿਹਰ ਕੀਤੀ ਸੀ ਇਸ ਵਿੱਚ ਬੁਧ ਟਿਕਾਈ ਸੀ ਉਹ ਬੁੱਧ ਸਮਾਂ ਪਾ ਕੇ ਵਿਕਸਤ ਹੋਈ। ਇਸ ਦੀ ਜ਼ੁਬਾਨ ਤੇ ਬੋਲ ਆਏ, ਇਸ ਦੇ ਮੂੰਹ ਵਿੱਚੋਂ ਸ਼ਬਦ ਨਿਕਲੇ ਅਤੇ ਹੱਥਾਂ ਵਿੱਚ ਕਲਮ ਆਈ ਅਤੇ ਅੱਖਰ ਲਿਖੇ ਗਏ। ਬੋਲ ਗਏ ਬਚਨਾਂ ਵਿੱਚ ਅਤੇ ਲਿਖੇ ਗਏ ਸ਼ਬਦਾਂ ਵਿੱਚ ਨਾਮਾਂ ਦੀ ਭਰਮਾਰ ਹੈ ਪਰ ਇਹ ਸਾਰੇ ਨਾਮ ਮਨੁੱਖ ਨੇ ਦਿੱਤੇ ਹਨ। ਪਹਿਲਾਂ ਵਸਤੂਆਂ ਨੂੰ ਨਾਮ ਦਿੱਤੇ ਫਿਰ ਆਪਣੇ ਬੱਚਿਆਂ ਨੂੰ ਨਾਮ ਦਿੱਤੇ। ਬੰਦੇ ਨੇ ਸਮੇਂ ਨੂੰ ਨਾਮ ਦਿੱਤੇ ਫੇਰ ਵਿਸ਼ਾ ਚਸਾ ਪਲ ਘੜੀ ਪਹਿਰ ਦਿਨ ਰਾਤ ਮਹੀਨਾ ਸਾਲ, ਜੁਗ ਇਹ ਸਮੇਂ ਨੂੰ ਨਾਮ ਦਿੱਤੇ। ਪਦਾਰਥਾਂ ਨੂੰ ਨਾਮ ਦਿੱਤੇ। ਆਖਰ ਪ੍ਰਮਾਤਮਾ ਦੇ ਨਾਮ ਵੀ ਰੱਖੇ। ਅੱਖਰਾਂ ਰਾਹੀਂ ਜਿੰਨੇ ਨਾਮ ਮਨੁੱਖ ਨੇ ਰੱਖੇ ਹਨ ਉਹ ਸਾਰੇ ਪ੍ਰਮਾਤਮਾ ਦੇ ਕਰਮ ਨਾਮ ਹਨ। ਅੱਖ੍ਰਾਂ ਰਾਹੀਂ ਜੋ ਪ੍ਰਮਾਤਮਾ ਦੇ ਨਾਮ ਜਿਥੇ ਮਿਲਦੇ ਹਨ ਅੇਕਾਂ ਜੀਵ ਉਨ੍ਹਾਂ ਨਾਮਾਂ ਦਾ ਜਾਪ ਵੀ ਕਰਦੇ ਹਨ ਅਤੇ ਇਕ ਤਰ੍ਹਾਂ ਦਾ ਜਪ ਜਾਂ ਇਕ ਜੀਵ ਜਪ ਰਿਹਾ ਹੋਵੇ ਐਸਾ ਨਹੀਂ। ਅਸੰਖਾਂ ਜੀਵ ਜਪ ਰਹੇ ਹਨ ਅਨੇਕ ਜੀਵ ਉਸ ਪ੍ਰਮਾਤਮਾ ਨਾਲ ਪ੍ਰੇਮ ਕਰਦੇ ਹਨ।

**ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥**
**(ਜਪੁ ਪੰਨਾ ੩)**

ਹਰ ਮਜ਼ਹਬ ਦਾ ਬੰਦਾ ਆਪਣੇ ਧਾਰਮਿਕ ਗ੍ਰੰਥ ਵਿੱਚੋਂ ਕੋਈ ਅੱਖਰੀ ਨਾਮ ਯਾਦ ਕਰਕੇ ਜਪਦਾ ਹੈ। ਕੁਝ ਐਸੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਗੁਰੂ ਨੇ ਜੋ ਮੰਤ੍ਰ ਦੱਸਿਆ ਹੈ ਉਹ ਜਪਦੇ ਹਨ। ਇਨ੍ਹਾਂ ਸਾਰਿਆਂ ਦਾ ਦਾਵਾ ਹੈ ਕਿ

ਅਸੀਂ ਨਾਮ ਜਪ ਰਹੇ ਹਾਂ। ਸਿੱਖ ਧਰਮ ਅਨੁਸਾਰ ਪ੍ਰਮਾਤਮਾ ਦੇ ਜਿੰਨੇ ਕਰਮ ਨਾਮ ਹਨ ਪਿਆਰੇ ਹਨ। ਹਰ ਨਾਮ ਵਿੱਚ ਉਸ ਦੇ ਗੁਣ ਹਨ, ਉਸ ਦੀਆਂ ਸਿਫਤਾਂ ਹੀ ਸਿਫਤਾਂ ਹਨ। ਜੈਸਾ ਕਿ ਜਾਪੁ ਸਾਹਿਬ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਪ੍ਰਮਾਤਮਾ ਦੀਆਂ ਸਿਫਤਾਂ ਨਾਲ ਭਰਪੂਰ ਹੈ। ਫਿਰ ਸਿਫਤ ਕਰਕੇ ਵੀ ਇਹ ਨਹੀਂ ਕਿਹਾ ਕਿ ਮੈਂ ਪੂਰੀ ਸਿਫਤ ਕਰ ਦਿੱਤੀ ਹੈ। ਇਹ ਨਹੀਂ ਕਿਹਾ ਕਿ ਇਸ ਤੋਂ ਅੱਗੇ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ। ਸਗੋਂ ਐਸਾ ਸੱਚ ਕਿਹਾ ਹੈ ਜੋ ਸਤਿਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਨਿਕਲਿਆ ਅਤੇ ਕਿਤਨਾ ਸ਼ੋਭਨੀਕ ਹੈ। ਹੇ ਪ੍ਰਮਾਤਮਾ ਮੈਂ ਜੋ ਤੇਰੀ ਸਿਫਤ ਕੀਤੀ ਹੈ, ਤੇਰੀ ਕੀਤੀ ਵਡਿਆਈ ਜੋ ਮੇਰੀ ਸਿਆਣਪ ਨਾਲ ਸਬੰਧ ਰੱਖਦੀ ਹੈ ਮੈਂ ਉਸ ਨੂੰ ਇੰਜ ਹੀ ਸਮਝਦਾ ਹਾਂ ਕਿ ਜਿਵੇਂ ਕੋਈ ਸੁਲਤਾਨ ਨੂੰ ਮੀਆਂ ਕਹਿ ਰਿਹਾ ਹੋਵੇ। ਫਿਰ ਜੋ ਮੀਆਂ ਕਹਿਣ ਲਈ ਜੋ ਮੈਂ ਉਪਰਾਲਾ ਕੀਤਾ ਹੈ ਇਹ ਵੀ ਤੇਰਾ ਹੀ ਦਿੱਤਾ ਹੋਇਆ ਹੈ। ਨਹੀਂ ਤਾਂ, ਮੈਂ ਤਾਂ ਇੰਨਾ ਬੇਸਮਝ ਹਾਂ ਕਿ ਮੇਰੇ ਕੋਲੋਂ ਕੁਛ ਵੀ ਆਖਿਆ ਨਹੀਂ ਜਾਂਦਾ।

**ਤੂ ਸੁਲਤਾਨ ਕਹਾਂ ਹਉ ਮੀਆ ਤੇਰੀ ਕਵਨ ਵਡਾਈ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣ ਨ ਜਾਈ॥**
**(ਬਿਲਾਵਲ ਮ. ੧ ਪੰਨਾ ੭੯੫)**

ਧਾਰਮਿਕ ਦੁਨੀਆਂ ਵਿੱਚ ਇਹ ਗੱਲ ਪ੍ਰਸਿੱਧ ਹੈ ਕਿ ਨਾਮ ਗਿਣਤੀਆਂ ਨਹੀਂ ਬਣਾਉਂਦਾ। ਨਾਮ ਤਾਂ ਮਾਣ ਮੁਕਾਉਂਦਾ ਹੈ ਤੇ ਗਿਣਤੀ ਜਿਥੇ ਹੈ ਅਜੇ ਮਾਣ ਬਾਕੀ ਹੈ। ਜਿਸ ਦਿਨ ਨਾਮ ਜਪਿਆ ਗਿਆ ਨਾ ਹੀ ਬਖਸ਼ਸ਼ ਦੀ ਗਿਣਤੀ ਰਹੇਗੀ ਅਤੇ ਨਾ ਹੀ ਆਪਣੇ ਅਵਗੁਣਾਂ ਦੀ। ਨਾਮ ਜਪਣ ਵਾਲੇ ਨੇ ਹਮੇਸ਼ਾ ਕਿਹਾ ਹੈ ਕਿ ਪ੍ਰਮਾਤਮਾ ਤੂੰ ਸਮੁੰਦਰ ਵਾਂਗੂੰ ਅਸਗਾਹ ਹੈ, ਅਥਾਹ ਹੈਂ, ਬੇਅੰਤ ਹੈਂ, ਕੀ ਗਿਣਤੀ ਕਰਾਂ। ਦੂਸਰੇ ਪਾਸੇ ਕਿਹਾ ਹੈ ਮੇਰੇ ਅਵਗੁਣ ਵੀ ਸਮੁੰਦਰ ਦੇ ਪਾਣੀ ਵਾਂਗੂ ਬੇਅੰਤ ਹਨ ਕਿ ਕੀ ਗਿਣਤੀ ਕਰਾਂ। ਨਾਮ ਦਾ ਫਲ ਤਾਂ ਇਹੀ ਹੈ ਕਿ ਮੈਂ ਜੋ ਨਾਮ ਜਪਦਾ ਹਾਂ ਇਹ ਤੇਰੀ ਵਡਿਆਈ ਹੈ ਤੇ ਤੂੰ ਸੁਲਤਾਨ ਹੈਂ ਮੈਂ ਮੀਆਂ ਕਹਿੰਦਾ ਹਾਂ। ਕਹਿਣ ਦਾ ਕੋਈ ਲੇਖਾ ਨਹੀਂ ਬਣਦਾ ਕੋਈ ਮਾਣ ਨਹੀਂ ਬਚਦਾ। ਇਸ ਪੰਗਤੀ ਵਿੱਚ ਆਇਆ 'ਵਡਾਈ' ਸ਼ਬਦ ਬਹੁਤ ਹੀ ਧਿਆਨ ਦੇਣਯੋਗ ਹੈ। ਅਸਲ ਵਿੱਚ ਪ੍ਰਮਾਤਮਾ ਦਾ ਨਾਮਨਾ ਵਡਾਈ ਹੀ ਨਾਮ ਹੈ, ਉਸ ਦੀ ਸਿਫਤ ਸਲਾਹ ਹੀ ਉਸ ਦਾ ਨਾਮ ਹੈ। ਨਾਮ ਜਪ ਕੇ ਭਗਤ ਨੇ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਣਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਇਹ ਨਹੀਂ ਕਿਹਾ ਕਿ ਭਗਤ ਤਪ ਕਰਦੇ ਹਨ ਜਪੁ ਕਰਦੇ ਹਨ, ਯਗ ਕਰਦੇ ਹਨ ਜਾਂ ਦਾਨ ਕਰਦੇ ਹਨ ਤੇ ਤੇਰੇ ਦਰ ਤੇ ਸੋਭਾ ਪਾਉਂਦੇ ਹਨ। ਨਹੀਂ ਇਨ੍ਹਾਂ ਸਾਰੇ ਕਰਮਾਂ ਤੋਂ ਉੱਪਰ ਗੱਲ ਕਹੀ ਹੈ ਗੁਰਮਤਿ ਵਿੱਚ ਇਹੀ ਨਾਮ ਦੀ ਵਿਆਖਿਆ ਹੈ। ਉਹ ਹੈ

**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥**
**ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥**
**ਇਕਿ ਮੂਲ ਨ ਬੁਝਨਿ ਆਪਣਾ ਅਣਹੋਦਾ ਆਪੁ ਗਣਾਇਦੇ॥**
**ਹਉ ਢਾਢੀਕਾ ਨੀਚ ਜਾਤਿ ਹੋਰ ਉਤਮ ਜਾਤਿ ਸਦਾਇਦੇ॥**
**ਤਿਨ ਮੰਗਾ ਜਿ ਤੁਝੈ ਧਿਆਇਦੇ॥**
**(ਵਾਰ ਆਸਾ ਮ 1 ਪੰਨਾ 468)**

ਇਸ ਪਉੜੀ ਵਿੱਚ ਖਾਸ ਕਰਕੇ ਵਿਚਾਰਨ ਵਾਲੀ ਗੱਲ ਹੈ ਕਿ ਜੋ ਢਾਡੀ ਤੇਰੀ ਸਿਫਤ ਸਲਾਹ ਕਰਨ ਵਾਲੇ ਹਨ, ਜਿਨ੍ਹਾਂ ਨੂੰ ਜਾਤ ਦਾ ਗੁਮਾਨ ਨਹੀਂ ਜੋਤ ਨਾਲ ਪਿਆਰ ਹੈ ਜਿਹੜੇ ਸਿਫਤ ਸਾਲਾਹ ਰਾਹੀਂ ਤੈਨੂੰ ਧਿਆਉਂਦੇ ਹਨ ਮੈਂ ਉਨ੍ਹਾਂ ਕੀਰਤੀ ਕਰਨ ਵਾਲਿਆਂ ਨੂੰ ਮੰਗਦਾ ਹਾਂ।

ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿੱਚ ਉਨ੍ਹਾਂ ਦੇ ਜਾਤੀ ਅਨੁਭਵ ਵਿੱਚ ਪ੍ਰਮਾਤਮਾ ਦੇ ਭਗਤ ਜੋ ਪ੍ਰਮਾਤਮਾ ਦੀ ਕੀਰਤੀ ਕਰਦੇ ਹਨ ਸਿਫਤ ਸਾਲਾਹ ਕਰਦੇ ਹਨ ਉਹ ਪ੍ਰਮਾਤਮਾ ਦੇ ਦਰ ਤੇ ਸ਼ੋਭਾ ਪਾਉਂਦੇ ਹਨ। ਜੇ ਪ੍ਰਮਾਤਮਾ ਦੇ ਦਰ ਤੇ ਉਸ ਦੀ ਸਿਫਤ ਸਾਲਾਹ ਹੀ ਪ੍ਰਵਾਨ ਹੈ ਤਾਂ ਫਿਰ ਸਿਫਤ ਸਾਲਾਹ ਹੀ ਨਾਮ ਜਪਣਾ ਹੈ।

ਪ੍ਰਮਾਤਮਾ ਦੀ ਸਿਫਤ ਸਾਲਾਹ ਹੀ ਐਸਾ ਨਾਮ ਹੈ ਜੋ ਲੇਖੇ ਮੁਕਾਉਂਦਾ ਹੈ ਤੇ ਹਰ ਵੇਲੇ ਹਿਰਦੇ ਵਿਚ ਵਸਿਆ ਹੀ ਰਹਿੰਦਾ ਹੈ। ਨਾਮ ਜਪਣ ਲਗਿਆਂ ਇਕ ਧਿਆਨ ਰਖਣਾ ਹੈ ਕਿ ਜਿਵੇਂ ਧਨ ਦਾ ਲੇਖਾ ਬਣਦਾ ਹੈ ਕਿਤੇ ਨਾਮ ਦਾ ਵੀ ਲੇਖਾ ਨਾ ਬਣ ਜਾਏ। ਦੁਨੀਆਂ ਭਰ ਦੇ ਸਿਆਣੇ ਇਸ ਗੱਲ ਤੇ ਇਕ ਮਤ ਹਨ, ਸਹਿਮਤ ਹਨ ਕਿ ਵਪਾਰੀ ਤਬੀਅਤ ਦੇ ਬੰਦੇ ਜੋ ਦਿਨ ਰਾਤ ਮਾਇਆ ਦੀਆਂ ਗਿਣਤੀਆਂ ਵਿੱਚ ਮਸਰੂਫ ਸਨ ਉਹ ਧਾਰਮਿਕ ਅਸਥਾਨਾਂ ਤੇ ਆ ਕੇ ਕਾਬਜ਼ ਹੋ ਗਏ। ਉਹ ਆਪ ਤਾਂ ਨਹੀਂ ਬਦਲ ਸਕੇ ਪਰ ਧਾਰਮਿਕ ਅਸਥਾਨ ਦੁਕਾਨਾਂ ਬਣ ਗਏ। ਧਰਮ ਗਿਣਤੀ-ਮਿਣਤੀ ਬਣ ਕੇ ਰਹਿ ਗਿਆ।

ਜਿਥੇ ਪਿਆਰ ਹੈ ਉਥੇ ਲੇਖਾ ਨਹੀਂ ਹੋ ਸਕਦਾ। ਬੰਦੇ ਨੇ ਇਹ ਕਦੀ ਨਹੀਂ ਕਿਹਾ ਕਿ ਆ ਮੇਰੇ ਬੇਟੇ ਮੈਂ ਅੱਜ ਤੱਕ ਜਿੰਨੀ ਵਾਰ ਪਿਆਰ ਨਾਲ ਤੇਰਾ ਨਾਂ ਲਿਆ ਹੈ। ਗਿਣਤੀ ਕਰ ਲਈਏ। ਪਤਨੀ ਦਾ ਨਾਂ ਕਿੰਨੀ ਵਾਰ ਲਿਆ ਹੈ ਕੋਈ ਗਿਣਤੀ ਨਹੀਂ ਕਰਦਾ। ਪਰ ਪ੍ਰਮਾਤਮਾ ਦਾ ਨਾਂ ਕਿੰਨੀ ਵਾਰ ਲਿਆ ਹੈ ਮਨੁੱਖ ਗਿਣਨ ਵਾਸਤੇ ਬੈਠ ਜਾਂਦਾ ਹੈ। ਜੇਕਰ ਮਨੁੱਖ ਦਾ ਪ੍ਰਮਾਤਮਾ ਨਾਲ ਪਿਆਰ ਹੋਵੇਗਾ ਤਾਂ ਨਾਮ ਤਾਂ ਇਹ ਦਿਨ ਰਾਤ ਜਪੇਗਾ ਪਰ ਗਿਣਤੀ ਨਹੀਂ ਬਣੇਗੀ ਲੇਖਾ ਨਹੀਂ ਬਣੇਗਾ। ਮੈਂ ਇਕ ਦ੍ਰਿਸ਼ਟਾਂਤ ਸੁਣਿਆ ਹੈ -

ਇਕ ਮਾਤਾ ਦੇ ਬੱਚੇ ਦਾ ਨਾਂ ਸੀ ਰਾਮ। ਰਾਮ ਅਠਾਰਾਂ ਸਾਲ ਦਾ ਸੀ। ਮਾਂ ਦਾ ਇਕਲੌਤਾ ਪੁੱਤਰ ਸੀ। ਪਤੀ ਮਰ ਚੁੱਕਾ ਸੀ। ਪੁੱਤਰ ਰੁੱਸ ਕੇ ਘਰੋਂ ਚਲਾ ਗਿਆ ਅਤੇ ਪਤਾ ਨਹੀਂ ਕਿਧਰ ਚਲਾ ਗਿਆ। ਮਾਂ ਬੜੀ ਦੁਖੀ ਹੋਈ ਤੇ ਅਨੇਕਾਂ ਉਪਾਅ ਕੀਤੇ। ਕਈਆਂ ਸੰਤਾਂ ਕੋਲੋਂ ਮੰਤ੍ਰ ਲਏ, ਜਾਪ ਕੀਤੇ ਅਤੇ ਕਰਵਾਏ ਪਰ ਪੁੱਤਰ ਵਾਪਸ ਨਹੀਂ ਆਇਆ। ਇਕ ਸਾਧੂ ਨੂੰ ਪਤਾ ਲੱਗਾ ਕਿ ਮਾਈ ਲੋੜਵੰਦ ਹੈ ਅਤੇ ਮਾਇਆ ਵੀ ਖਰਚ ਕਰ ਸਕਦੀ ਹੈ ਉਹ ਪੁੱਜਾ। ਪਰ ਮੁਸ਼ਕਿਲ ਇਹ ਬਣੀ ਕਿ ਮਾਈ ਸਾਰੇ ਮੰਤ੍ਰ ਜਾਪ ਕਰ ਚੁੱਕੀ ਸੀ ਤੇ ਅੱਕੀ ਪਈ ਸੀ। ਕਿਸੇ ਮੰਤ੍ਰ ਦਾ ਹੁਣ ਮਨ ਤੇ ਪ੍ਰਭਾਵ ਨਹੀਂ ਸੀ ਪਰ ਉਹ ਸਾਧੂ ਵੀ ਹਥੋਂ ਆਇਆ ਸ਼ਿਕਾਰ ਛੱਡਣ ਲਈ ਤਿਆਰ ਨਹੀਂ ਸੀ। ਉਸ ਦੇ ਦਿਮਾਗ ਵਿੱਚ ਬਿਲਕੁਲ ਨਵਾਂ ਖਿਆਲ ਆਇਆ ਉਹ ਕਹਿਣ ਲੱਗਾ ਮਾਂ ਮੈਂ ਤੈਨੂੰ ਇਕ ਜਾਪ ਦਸਦਾ ਹਾਂ ਜਿਹੜੇ ਮੰਤ੍ਰ ਜਪਦੀ ਰਹੀ ਹੈਂ ਉਹ ਜਾਪ ਗਲਤ ਸੀ। ਤੂੰ ਰੱਬ ਦਾ ਨਾਂ ਜਪਦੀ ਰਹੀ ਹੈਂ ਰੱਬ ਤਾਂ ਗਵਾਚਾ ਨਹੀਂ ਰੱਬ ਤਾਂ ਰੁੱਸ ਕੇ ਘਰੋਂ ਬਾਹਰ ਨਹੀਂ ਗਿਆ। ਪੁੱਤਰ ਘਰੋਂ ਬਾਹਰ ਗਿਆ ਹੈ ਤੂੰ ਐਸਾ ਕਰ ਸਵਾਸ ਬਾਹਰ ਜਾਏ ਤੇ ਆਖ ਰਾਮ ਪੁੱਤ, ਸਵਾਸ ਅੰਦਰ ਆਏ ਤੇ ਆਖ ਆ ਜਾ। ਰਾਮ ਪੁੱਤ ਆ ਜਾ -ਰਾਮ ਪੁਤ - ਆ ਜਾ। ਪਰ ਜਿਹੜੀ ਗੱਲ ਮਾਈ ਨੇ ਕਹੀ ਉਹ ਸੁਣ ਕੇ ਸਾਧੂ ਨਿਰਾਸ਼ ਹੋ ਗਿਆ। ਮਾਈ ਨੇ ਕਿਹਾ ਮਹਾਤਮਾ ਜੇ ਇਹੀ ਅਸਲ ਜਾਪ ਹੈ ਫਿਰ ਨਾ

ਕਿਸੇ ਸਵਾਸਾਂ ਦੇ ਬਾਹਰ ਅੰਦਰ ਦੀ ਜੁਗਤੀ ਦੀ ਲੋੜ ਹੈ ਅਤੇ ਨਾ ਹੀ ਕਿਸੇ ਮਾਲਾ ਦੀ ਲੋੜ ਹੈ। ਇਹ ਜਾਪ ਤਾਂ ਜਦੋਂ ਦਾ ਮੇਰਾ ਪੁੱਤਰ ਘਰੋਂ ਬਾਹਰ ਗਿਆ ਹੈ। ਉਸੇ ਵੇਲੇ ਦਾ ਹੋ ਰਿਹਾ ਹੈ। ਜੇ ਏਸੇ ਜਾਪ ਨਾਲ ਆਉਣਾ ਹੈ ਤਾਂ ਫਿਰ ਤੂੰ ਜਾ ਐਵੇਂ ਜੁਗਤੀਆਂ ਦੱਸ ਕੇ ਮੇਰਾ ਸਮਾਂ ਬਰਬਾਦ ਨਾ ਕਰ। ਇਹ ਜਾਪ ਹੋ ਰਿਹਾ ਹੈ ਮੈਨੂੰ ਮੇਰੇ ਪੁੱਤਰ ਨਾਲ ਪਿਆਰ ਹੈ ਉਹ ਮੇਰਾ ਹੈ ਮੈਨੂੰ ਪੱਕਾ ਭਰੋਸਾ ਹੈ ਕਿ ਜਾਗਦਿਆਂ ਸੌਂਦਿਆਂ ਉਠਦਿਆਂ ਬੈਠਦਿਆਂ ਇਹੀ ਜਾਪ ਹੋਵੇਗਾ ਕਿ ਰਾਮ ਪੁੱਤ ਆ ਜਾ ਤੇ ਜੇ ਉਹ ਨਾ ਆਇਆ ਤਾਂ ਮੇਰਾ ਆਖਰੀ ਸੁਆਸ ਵੀ ਇਹੋ ਜਾਪ ਕਰਦਿਆਂ ਨਿਕਲੇਗਾ ਕਿ ਰਾਮ ਪੁੱਤ ਆ ਜਾ।

ਮਾਤਾ ਨੇ ਇਹ ਬਚਨ ਏਨੇ ਭਿੱਜ ਕੇ ਬੈਰਾਗ ਵਿੱਚ ਕਹੇ ਕਿ ਹਿਰਦੇ ਵਿੱਚੋਂ ਆਹ ਨਿਕਲੀ, ਅੱਖਾਂ ਵਿੱਚ ਅੱਥਰੂ ਆ ਗਏ। ਇਹ ਅੱਥਰੂ ਉਸ ਸਾਧੂ ਲਈ ਪਵਿੱਤਰ ਸਰੋਵਰ ਬਣ ਗਏ। ਮਾਤਾ ਦੇ ਪੈਰੀਂ ਹੱਥ ਲਾਏ ਤੇ ਕਹਿਣ ਲੱਗਾ ਮਾਤਾ ਮੈਂ ਤਾਂ ਚੌਹਾਂ ਕੌਡੀਆਂ ਦਾ ਵਣਜਾਰਾ ਬਣ ਕੇ ਤੇਰੇ ਘਰ ਆਇਆ ਸਾਂ ਪਰ ਤੂੰ ਤਾਂ ਅੱਜ ਮੈਨੂੰ ਸੱਚੇ ਨਾਮ ਦਾ ਵਣਜਾਰਾ ਬਣਾ ਦਿੱਤਾ ਹੈ। ਤੂੰ ਮੇਰੀ ਗੁਰੂ ਹੈਂ ਅਸਲ ਜੁਗਤੀ ਪ੍ਰਮਾਤਮਾ ਨੂੰ ਪਾਉਣ ਦੀ ਇਹੋ ਹੈ। ਤੇਰਾ ਪੁੱਤਰ ਗਵਾਚਾ ਹੈ ਤੂੰ ਪੁੱਤਰ ਤੋਂ ਵਿਛੜੀ ਹੈਂ ਤੇ ਤੇਰੇ ਸਵਾਸ ਹਉਕੇ ਤੇ ਯਾਦ ਬਣ ਗਏ ਹਨ। ਮੈਂ ਆਪਣੇ ਪਿਤਾ ਪ੍ਰਮਾਤਮਾ ਤੋਂ ਵਿਛੜਿਆ ਹਾਂ ਮੈਨੂੰ ਅਸੀਸ ਦੇ ਕਿ ਸਿਮਰਨ ਦੀ ਤੇਰੇ ਵਾਲੀ ਜੁਗਤੀ ਮੈਨੂੰ ਵੀ ਆ ਜਾਵੇ। ਮੈਂ ਤਾਂ ਤੈਨੂੰ ਜੁਗਤੀ ਦੱਸਣ ਆਇਆ ਸਾਂ ਪਰ ਮੈਂ ਤੇਰੇ ਕੋਲੋਂ ਜੁਗਤੀ ਸਿੱਖ ਕੇ ਜਾ ਰਿਹਾ ਹਾਂ। ਮੇਰਾ ਵਿਛੜਿਆ ਬਾਪ ਵੀ ਜੇ ਇਸੇ ਜਨਮ ਵਿੱਚ ਮਿਲ ਗਿਆ ਤਾਂ ਠੀਕ ਹੈ ਨਹੀਂ ਤਾਂ ਮੇਰਾ ਆਖਰੀ ਸਵਾਸ ਵੀ ਇਹੋ ਹੀ ਕਹਿੰਦਾ ਨਿਕਲੇਗਾ ਕਿ ਹੇ ਪ੍ਰਭੂ ਪਿਤਾ ਆ ਜਾ। ਸਵਾਲ ਗਿਣਤੀ ਦਾ ਜਾਂ ਜਾਪ ਜਪਣ ਕੁਛ ਕਹਿਣ ਦਾ ਨਹੀਂ। ਸਵਾਲ ਤਾਂ ਉਸ ਦੇ ਆਉਣ ਦਾ ਹੈ। ਧਿਆਨ ਆਪਣੇ ਕੁਛ ਕਰਨ ਦੀ ਗਿਣਤੀ ਤੇ ਨਵੀਂ ਰਖਣਾ ਧਿਆਨ ਉਸ ਦੇ ਆਉਣ ਤੇ ਰੱਖਣਾ ਹੈ। ਅਸੀਂ ਤਾਂ ਕਿੰਨੇ ਜਾਪ ਕੀਤੇ ਹਨ ਕਿੰਨੀਆਂ ਮਾਲਾਂ ਫੇਰੀਆਂ ਹਨ ਗਿਣਤੀ ਕਰਦੇ ਹਾਂ ਪਰ ਸਿਮਰਨ ਵਾਲੇ ਤਾਂ ਕਿੰਨੇ ਜਨਮ ਯਾਦ ਕੀਤਾ ਹੈ ਇਹ ਵੀ ਯਾਦ ਨਹੀਂ ਰਖਦੇ। ਉਹ ਕਹਿੰਦੇ ਹਨ ਯਾਦ ਰੱਬ ਦੀ ਕਰੀਏ ਜਾਂ ਗਿਣਤੀ ਦੀ, ਭਗਤ ਰਵਿਦਾਸ ਜੀ ਨੇ ਇਸੇ ਲਈ ਬਹੁਤ ਜਨਮ ਸ਼ਬਦ ਵਰਤਿਆ ਹੈ –

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮ ਤੁਮਾਰੇ ਲੇਖੇ ॥**
**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥**
**(ਧਨਾਸਰੀ ਭਗਤ ਰਵਿਦਾਸ ਜੀ ਕੀ ਪੰਨਾ ੬੯੪)**

ਪ੍ਰਮਾਤਮਾ ਦੀ ਸਿਫਤ ਸਲਾਹ ਕਰਨੀ, ਤੇ ਆਸ ਲਗਿ ਜੀਵਉ, ਏਸੇ ਆਸ ਵਿਚ ਸਵਾਸ ਆਉਣ ਇਹੀ ਸਿਮਰਨ ਹੈ ਮੂੰਹੋਂ ਬੰਦਾ ਕੋਈ ਮੰਤ੍ਰ ਰਟ ਰਿਹਾ ਹੈ ਤੇ ਆਸਾਂ ਰਬ ਤੋਂ ਬਿਨਾਂ ਹੋਰ-ਹੋਰ ਬਣਾਈਆਂ ਹਨ ਤਾਂ ਫਿਰ ਇਹ ਸਿਮਰਨ ਨਹੀਂ। ਉਸ ਦੀ ਆਸ ਵਿੱਚ ਆਖਰੀ ਦਮ ਨਿਕਲੇ ਇਹੀ ਸਿਮਰਨ ਹੈ।

ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਤੇਰੇ ਨਾਮ ਤਾਂ ਮੇਰਾ ਆਸਰਾ ਹੈ। ਜਿਵੇਂ ਕੌਲ ਫੁੱਲ ਪਾਣੀ ਵਿੱਚ ਜਿਉਂਦਾ ਹੈ। ਮੈਂ ਤਾਂ ਤੇਰੇ ਘਰ ਦਾ ਗੁਲਾਮ ਹਾਂ ਮੇਰਾ ਮਰਨਾ ਜਿਉਣਾ ਤੇਰੇ ਹੱਥ ਵਿੱਚ ਹੈ। ਕੀ ਮੈਂ ਹੁਣ ਗਿਣ-ਗਿਣ ਕੇ ਆਖਾਂ ਕਿ ਮੈਂ ਤੇਰਾ ਗੁਲਾਮ ਹਾਂ ਤੇਰਾ ਗੁਲਾਮ ਹਾਂ ਤੇਰਾ ਗੁਲਾਮ ਹਾਂ। ਨਹੀਂ ਐਸਾ ਕੀਤਿਆਂ ਕੁਛ ਵੀ ਨਹੀਂ ਹੋਵੇਗਾ। ਮੇਰੇ ਅੰਦਰ ਇਹ ਭਾਵਨਾ ਹੋਵੇ ਕਿ ਮੈਂ ਤੇਰਾ ਦਾਸ ਹਾਂ ਤੇ ਮੈਂ ਤੁਹਾਡਾ ਹੁਕਮ ਮੰਨਣਾ ਹੈ ਹੁਕਮੀ ਬੰਦਾ ਬਣ ਕੇ ਕਾਰ ਕਰਨੀ ਹੈ। ਤੇਰੀ ਸਿਫਤ ਸਲਾਹ ਮੇਰਾ ਜੀਵਨ ਅਧਾਰ ਬਣ ਜਾਏ। ਜੇ ਤੇਰੀ ਸਿਫਤ ਮੇਰਾ ਜੀਵਨ ਅਧਾਰ ਬਣ ਗਈ ਸਿਫਤ ਸਾਲਾ ਤੋਂ ਟੁਟਾਂਗਾ ਨਹੀਂ।

ਸਤਿਗੁਰੂ ਨਾਨਕ ਦੇਵ ਜੀ ਫੁਰਮਾਨ ਹੈ –

**ਆਖਾਂ ਜੀਵਾਂ ਵਿਸਰੈ ਮਰਿ ਜਾਉ ॥ ਆਖਣਿ ਅਉਖਾ, ਸਾਚਾ ਨਾਉ ॥**

ਸਵਾਸਾਂ ਨੂੰ ਅਸੀਂ ਜੀਵਨ ਅਧਾਰ ਮੰਨਦੇ ਹਾਂ। ਅਸੀਂ ਸਮਝਦੇ ਹਾਂ ਕਿ ਸਵਾਸ ਰੁਕ ਗਏ ਤਾਂ ਅਸੀਂ ਮਰ ਗਏ। ਏਸੇ ਤਰ੍ਹਾਂ ਰੱਬ ਦਾ ਪਿਆਰਾ ਸਮਝਦਾ ਹੈ। ਉਸ ਦੀ ਯਾਦ ਵੀ ਸਵਾਸ ਸਵਾਸ ਚਲਦੀ ਰਹੇ ਤਾਂ ਅਸੀਂ ਜ਼ਿੰਦਾ ਹਾਂ ਨਹੀਂ ਤਾਂ ਅਸੀਂ ਮਰ ਗਏ।

ਇਕ ਨਗਰ ਵਿੱਚ ਬੱਚੇ ਕਬੱਡੀ ਖੇਡ ਰਹੇ ਸਨ। ਇਕ ਫਕੀਰ ਗੁਜ਼ਰ ਰਿਹਾ ਸੀ। ਉਹ ਆ ਕੇ ਇਹ ਖੇਡ ਵੇਖਣ ਲਗ ਪਿਆ। ਫਕੀਰ ਨੇ ਵੇਖਿਆ ਕਿ ਕੁਛ ਖਿਡਾਰੀ ਖੇਡ ਰਹੇ ਹਨ ਕੁਛ ਬੈਠੇ ਹਨ। ਫਕੀਰ ਨੇ ਕਿਹਾ ਬੇਟਾ ਤੁਸੀਂ ਨਹੀਂ ਖੇਡਦੇ। ਬੱਚਿਆਂ ਕਿਹਾ ਬਾਬਾ ਜੀ ਅਸੀਂ ਮਰੇ ਹੋਏ ਹਾਂ। ਉਹ ਫਕੀਰ ਕਹਿਣ ਲੱਗਾ ਮੈਨੂੰ ਮਜ਼ਾਕ ਨਾ ਕਰੋ ਤੁਸੀਂ ਤਾਂ ਬੋਲ ਰਹੇ ਹੋ, ਜ਼ਿੰਦਾ ਹੋ। ਖਿਡਾਰੀ ਕਹਿਣ ਲੱਗੇ ਬਾਬਾ ਜੀ ਜਿਸ ਦਾ ਖੇਡ ਵਿੱਚ ਸਵਾਸ ਟੁੱਟ ਜਾਏ ਤੇ ਆਪਣੀ ਹੱਦ ਵਿੱਚ ਨਾ ਆ ਸਕੇ ਇਸ ਖੇਡ ਵਿੱਚ ਉਹ ਜਿਉਂਦਾ ਹੀ ਮਰ ਜਾਂਦਾ ਹੈ। ਇਹੀ ਭਗਤੀ ਦਾ ਗੁਰ ਹੈ ਜਿਸ ਦਾ ਸਿਮਰਨ ਵੀ ਇਕ ਸਵਾਸ ਭਰ ਟੁੱਟ ਜਾਏ ਤੇ ਆਪਣੀ ਹੱਦ ਰੱਬ ਦੇ ਘਰ ਸਚਖੰਡ ਨਾ ਪੁੱਜ ਸਕੇ ਰਸਤੇ ਵਿੱਚ ਹੀ ਸਿਮਰਨ ਰੂਪੀ ਸਵਾਸ ਟੁੱਟ ਜਾਏ ਉਹ ਵੀ ਜਿਉਂਦਾ ਹੀ ਮਰ ਜਾਂਦਾ ਹੈ। ਇਸ ਲਈ ਜਿਵੇਂ ਸਰੀਰਕ ਜੀਵਨ ਲਈ ਸੁਆਸ ਅਧਾਰ ਹਨ ਇਸੇ ਤਰ੍ਹਾਂ ਆਤਮਿਕ ਜੀਵਨ ਲਈ ਪ੍ਰਮਾਤਮਾ ਦਾ ਨਾਮ ਅਧਾਰ ਹੈ ਤੇ ਨਾਮ ਹੈ ਉਸ ਦਾ ਨਾਮਨਾ ਵਡਿਆਈ। ਪਰ ਇਹ ਜਪਿਆ ਤਾਂ ਹੀ ਜਾਏਗਾ ਜੇ ਬਹੀਐ ਪੜਿਆ ਪਾਸਿ॥

**''ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰੁ।**
**ਘੜਿ ਭਾਂਡੇ ਇਟਾਂ ਕੀਆ, ਜਲ ਦੀ ਕਰੈ ਪੁਕਾਰੁ।**
**ਜਲ ਜਲ ਰੋਵੈ ਬਪੁੜੀ, ਝੜ ਝੜ ਪਵੇ ਅੰਗਿਆਰੁ।**
**ਨਾਨਕੁ ਕਰਤੇ ਕਾਰਨ ਕੀਆ ਸੋ ਜਾਣੈ ਕਰਤਾਰੁ।'**
**(ਆਸਾ ਦੀ ਵਾਰ)**

# ਜੀਵਨ ਦਾ ਸੱਚ : ਮੌਤ



ਕੋਈ ਵੀ ਇਨਸਾਨ ਜਿਸ ਤਰ੍ਹਾਂ ਆਪਣਾ ਜਨਮ ਆਪਣੀ ਮਰਜ਼ੀ ਨਾਲ ਨਹੀਂ ਲੈ ਸਕਦਾ ਕਿ ਉਸ ਨੇ ਕਿਸ ਪਰਿਵਾਰ, ਸ਼ਹਿਰ ਜਾਂ ਦੇਸ਼ ਵਿਚ ਜਨਮ ਲੈਣਾ ਹੈ। ਉਸੇ ਤਰ੍ਹਾਂ ਮੌਤ ਵੀ ਇਕ ਅਟੱਲ ਸੱਚਾਈ ਹੈ ਪਤਾ ਨਹੀਂ ਕਦੋਂ, ਕਿਥੇ ਅਤੇ ਕਿਵੇਂ ਹੋਣੀ ਹੈ ਇਹ ਸਭ ਕੁਝ ਪ੍ਰਮਾਤਮਾ ਦੇ ਹੱਥ ਵਿਚ ਹੈ। ਮੌਤ ਬਾਰੇ ਸਾਡੇ ਬਹੁਤ ਹੀ ਸਤਿਕਾਰਯੋਗ ਗੁਰੂਆਂ, ਪੀਰਾਂ, ਦਾਰਸ਼ਨਿਕਾਂ ਅਤੇ ਖੋਜ ਕਰਤਾਵਾਂ ਨੇ ਬਹੁਤ ਕੁਝ ਲਿਖਿਆ ਹੈ। ਮੌਤ ਤੋਂ ਭਾਵ ਚੜ੍ਹਾਈ ਕਰ ਜਾਣਾ, ਪੂਰਾ ਹੋ ਜਾਣਾ ਹੁੰਦਾ ਹੈ। ਗੁਰਬਾਣੀ ਅਨੁਸਾਰ –

**ਜੋ ਜਨਮੈ ਸੋ ਜਾਨਹੁ ਮੂਆ ॥**
**ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥**

(**ਪੰਨਾ** - 375)

ਵਿਗਿਆਨ ਨੇ ਜਿੰਨੀ ਮਰਜ਼ੀ ਤਰੱਕੀ ਕਰ ਲਈ ਹੈ ਲੇਕਿਨ ਮੌਤ ਉੱਪਰ ਅਜੇ ਜਿੱਤ ਪ੍ਰਾਪਤ ਨਹੀਂ ਕਰ ਸਕੀ ਅਤੇ ਨਾ ਹੀ ਇਹ ਕਰ ਸਕੇਗੀ। ਮੌਤ ਕੁਦਰਤ ਨੇ ਆਪਣੇ ਹੱਥ ਵਿਚ ਰੱਖੀ ਹੈ। ਮੌਤ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਮੌਤ ਅਵੱਸ਼ ਆਉਣੀ ਹੈ, ਆਉਣੀ ਉਦੋਂ ਹੀ ਹੈ ਜਦੋਂ ਪਰਮਾਤਮਾ ਦਾ ਹੁਕਮ ਹੋਵੇਗਾ।

**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥**

(**ਪੰਨਾ** - 472)


**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**




ਅੱਜ ਦੀ ਦੌੜ-ਭੱਜ ਵਾਲੀ ਤੇਜ਼ ਰਫ਼ਤਾਰ ਦੀ ਜ਼ਿੰਦਗੀ ਵਿਚ ਮੌਤ ਦੇ ਸੱਚ ਬਾਰੇ ਸਮਝਣ, ਜਾਨਣ ਦੀ ਵਿਹਲ ਨਹੀਂ! ਬਚਪਨ ਨੂੰ ਖੇਡਣ ਦਿਓ, ਬੁਢਾਪੇ ਨੂੰ ਆਰਾਮ ਕਰਨ ਕਰਨ ਦਿਓ ਲੇਕਿਨ ਜਵਾਨੀ ਕੰਮ ਕਰੇ। ਬਹੁਤ ਕੰਮ ਕਰੇ ਲੇਕਿਨ ਇਹ ਜਵਾਨੀ ਕੁਝ ਸਮਾਂ, ਥੋੜ੍ਹਾ ਜਿਹਾ ਸਮਾਂ, ਜ਼ਿੰਦਗੀ ਦੀਆਂ ਸਦੀਵੀ ਕੀਮਤਾਂ ਨਾਲ ਸਾਂਝ ਪਾਉਣ ਲਈ ਵੀ ਕੱਢੇ ਤਾਂ ਕਿ ਇਹ ਜਵਾਨੀ ਸਾਰਥਕ, ਸਾਕਾਰਾਤਮਕ ਕਰਮ ਕਰ ਸਕੇ।

ਮੌਤ, ਇਹ ਜ਼ਰੂਰੀ ਨਹੀਂ ਕਿ ਮਨੁੱਖ ਦੀ ਜ਼ਿੰਦਗੀ ਦੀ ਆਖਰੀ-ਅਵਸਥਾ ਪਾਰ ਕਰਨ ਉਪਰੰਤ ਅਰਥਾਤ ਬੁਢਾਪੇ ਵਿਚ ਹੀ ਆਏ, ਇਹ ਕਿਸੇ ਵੀ ਸਮੇਂ ਮਨੁੱਖੀ-ਜ਼ਿੰਦਗੀ ਵਿਚ ਆ ਸਕਦੀ ਹੈ। ਇਸ ਸੰਸਾਰ ਵਿਚ ਆਉਣ ਅਤੇ ਜਾਣ ਦਾ ਸਮਾਂ ਪੂਰਵ-ਨਿਰਧਾਰਿਤ ਹੁੰਦਾ ਹੈ। ਲੇਕਿਨ ਬੇਵਕਤ ਦੀ ਮੌਤ ਦੇ ਸਦੀਵੀ ਵਿਛੋੜੇ ਸਾਡੇ ਮਨ ਲਈ ਸਹਾਰਨੇ ਮੁਸ਼ਕਲ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਅਸੀਂ ਆਪਣਾ ਮਾਨਸਿਕ-ਤਵਾਜ਼ਨ ਖੋ ਬੈਠਦੇ ਹਾਂ। ਅਜਿਹਾ ਹੋਣਾ ਕੁਦਰਤੀ ਹੈ। ਬੱਚੇ ਦੀ ਮੌਤ, ਜੁਆਨੀ ਦੀ ਮੌਤ ਇਨਸਾਨੀ ਮਨ ਲਈ ਕਹਿਰਾਂ ਦਾ ਡੂੰਘਾ ਦੁੱਖ ਹੈ।

ਮੌਤ ਕਿਸੇ ਨਾਲ ਕੋਈ ਭਿੰਨ-ਭੇਦ ਨਹੀਂ ਕਰਦੀ। ਇਹ ਹਰ ਕਿਸੇ ਨੂੰ ਮਿਲਦੀ ਹੈ, ਕਿਸੇ ਨੂੰ ਪਹਿਲਾਂ ਕਿਸੇ ਨੂੰ ਬਾਅਦ ਵਿਚ। ਇਸਨੂੰ ਗਰੀਬ ਜਾਂ ਅਮੀਰ ਦਾ ਫਰਕ ਨਹੀਂ। ਇਸਨੂੰ ਰੰਗ-ਰੂਪ, ਜਾਤ-ਪਾਤ, ਕੱਦ-ਬੁੱਤ, ਦੇਸ਼-ਧਰਮ ਦਾ ਕੋਈ ਵਿਚਾਰ ਨਹੀਂ। ਮੌਤ ਬਿਨਾਂ ਵਿਤਕਰਾ ਕੀਤਿਆਂ ਸਭ ਨੂੰ ਮਿਲਦੀ ਹੈ ਤੇ ਸਭ ਨੂੰ ਬਰਾਬਰ ਕਰ ਦਿੰਦੀ ਹੈ। ਇਕ ਦਿਨ ਮੌਤ ਨੇ ਇਸ ਸਰੀਰ 'ਤੇ ਕਾਬੂ ਪਾ ਲੈਣਾ ਹੈ।

ਮੌਤ ਦਾ ਡਰ ਸਾਡੇ ਅੰਦਰੋਂ ਵਿਕਾਰਾਂ ਅਤੇ ਔਗੁਣਾਂ ਦਾ ਨਿਕਾਸ ਕਰੇਗਾ। ਜੇ ਮੌਤ ਦੇ ਭੈ ਨੂੰ ਆਪਣੇ ਜ਼ਿਹਨ ਵਿਚ ਰੱਖਾਂਗੇ ਤਾਂ ਹੀ ਸਾਨੂੰ ਦੁਨਿਆਵੀ ਸੱਚ ਬਾਰੇ ਪਤਾ ਲੱਗ ਸਕੇਗਾ। ਇਹ ਦੁਨੀਆਂ ਨਾਸ਼ਵਾਨ ਹੈ, ਇਥੇ ਕੁਝ ਵੀ ਥਿਰ ਨਹੀਂ।

ਆਮ ਇਨਸਾਨ ਮੌਤ ਤੋਂ ਭੈ ਖਾਂਦਾ ਹੈ। ਗਿਆਨ ਦੇ ਆਸਰੇ **ਮੌਤ ਦੇ ਸੱਚ** ਨੂੰ ਸਦਾ ਹੀ ਸਮਝਣਾ ਹੈ। ਜਿਹਨਾਂ ਨੇ ਗਿਆਨ ਦੇ ਆਸਰੇ ਉਸ ਪਰਵਰਦਗਾਰ, ਅੰਗਮ, ਬੇਅੰਤ, ਅਪਾਰ, ਵਾਹਿਗੁਰੂ ਦੀ ਮਿਹਰ ਸਦਕਾ ਜੀਵਨ ਦੇ ਸੱਚ ਨੂੰ ਸਮਝ ਲਿਆ ਹੈ, ਉਹ ਜੀਵ ਧੰਨ ਹਨ।

ਬਾਬਾ ਫਰੀਦ ਜੀ ਨੇ ਮੌਤ ਦੇ ਸੰਕਲਪ ਰਾਹੀਂ ਮਨੁੱਖ ਅਤੇ ਪਰਮਾਤਮਾ ਦਾ ਰਿਸ਼ਤਾ ਸਥਾਪਿਤ ਕੀਤਾ ਹੈ। ਮੌਤ ਦੇ ਡਰ ਦੇ ਮਾਧਿਅਮ ਨਾਲ ਮਨੁੱਖ ਨੇਕ ਕਰਮ ਕਰਦਾ ਹੈ। ਪਰ ਮੌਤ ਦੇ ਡਰ ਕਾਰਨ ਜੀਵਨ ਵਿਚ ਬੁਜ਼ਦਿਲ ਨਹੀਂ ਬਣਨਾ ਬਲਕਿ ਸਦਾਚਾਰ ਮਾਨਵਵਾਦੀ ਕਰਮ ਕਰਨੇ ਹਨ। ਬਾਬਾ ਫਰੀਦ ਨੇ ਵੀ ਆਪਣੀ ਬਾਣੀ ਵਿਚ ਅਜਿਹਾ ਹੀ ਕੀਤਾ ਹੈ। ਨਿਰਾਸ਼ਾਵਾਦ ਵਿਚ ਆਸ਼ਾ ਦੀ ਮੂਲ ਸੁਰ ਨੂੰ ਕਾਇਮ ਕੀਤਾ ਹੈ। ਫਰੀਦ ਬਾਣੀ ਅਨੁਸਾਰ –


**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥**

(**ਪੰਨਾ** - 1378)

ਮਨੁੱਖ ਦੀ ਹਯਾਤੀ ਸਮੇਂ ਤੋਂ ਨਹੀਂ ਸਗੋਂ ਚੰਗੇ ਕਰਮਾਂ ਤੋਂ ਨਾਪੀ ਜਾਣੀ ਹੈ। ਮੌਤ ਦੇ ਭੈਅ ਤੋਂ ਆਪਣੀ ਜੀਵਨ-ਗਤੀ ਰੋਕ ਨਹੀਂ ਲੈਣੀ। ਗੁਰੂ ਨਾਨਕ ਪਾਤਸ਼ਾਹ ਜੀ ਨੇ ਮਨੁੱਖ ਨੂੰ ਸੱਚੇ-ਆਚਾਰ-ਵਿਹਾਰ ਵਾਲਾ ਅਰਥ ਭਰਪੂਰ ਜੀਵਨ ਜਿਉਣ ਲਈ ਹੀ ਪ੍ਰੇਰਿਤ ਕੀਤਾ ਹੈ। ਚੰਗੇ ਕਰਮ ਕਰਨ ਵਾਲੇ ਭਗਤ-ਜਨ ਮਰਦੇ ਨਹੀਂ ਬਲਕਿ ਅਮਰ ਹੋ ਜਾਂਦੇ ਹਨ।

ਗੁਰਸਿੱਖ ਨੇ ਮੌਤ ਦਾ ਸਿਰਫ਼ ਭੈ ਹੀ ਆਪਣੇ ਮਨ ਤੋਂ ਨਹੀਂ ਲਾਹੁਣਾ

ਬਲਕਿ ਮੌਤ 'ਤੇ ਫਤਹਿ ਵੀ ਪਾਉਣੀ ਹੈ। ਗੁਰੂ ਸਾਹਿਬਾਨ ਤੇ ਉਹਨਾਂ ਦੇ ਸਿੱਖਾਂ ਨੇ ਮੌਤ ਨੂੰ ਹੱਸ-ਹੱਸ ਕੇ ਗਲੇ ਲਾਇਆ ਹੈ ਤੇ ਅਨੇਕਾਂ ਸ਼ਹੀਦੀਆਂ ਦਿੱਤੀਆਂ। ਗੁਰੂ ਅਰਜਨ ਸਾਹਿਬ ਜੀ ਨੇ **ਤੇਰਾ ਕੀਆ ਮੀਠਾ ਲਾਗੈ** ਕਹਿ ਕੇ ਸ਼ਹੀਦੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿੱਤੀ। ਸਿੱਖ ਇਤਿਹਾਸ ਅਜਿਹੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ।



ਨੈਤਿਕਤਾ, ਜ਼ਿੰਦਗੀ ਦੀ ਮਹਾਨ ਸ਼ਕਤੀ ਹੈ। ਭਾਵੇਂ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਇਸ ਸ਼ਕਤੀ ਦੀ ਤਾਕਤ ਘਟਦੀ ਵਿਖਾਈ ਦਿੰਦੀ ਹੈ ਲੇਕਿਨ ਜਦੋਂ ਵੀ ਸਦੀਵੀ ਮਾਨਵਵਾਦੀ ਕੀਮਤਾਂ ਦੀ ਗੱਲ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਕੀਤੀ ਜਾਵੇਗੀ ਤਾਂ ਨੈਕਿਕਤਾ ਹੀ ਬ੍ਰਹਿਮੰਡ ਦੀ ਸਭ ਤੋਂ ਉੱਚੀ ਚੋਟੀ ਉਪਰ ਦਿਖਾਈ ਦੇਵੇਗੀ।

ਮੌਤ ਨੂੰ ਦੁਖਦਾਈ ਮੰਨਿਆ ਗਿਆ ਹੈ। ਬੇਸ਼ਕ ਇਹ ਹੈ ਵੀ ਸੱਚ, ਲੇਕਿਨ ਕਈਆਂ ਪ੍ਰਸਥਿਤੀਆਂ ਵਿਚ ਮੌਤ ਸੁਖਦਾਈ ਵੀ ਤਾਂ ਹੋ ਨਿਬੜਦੀ ਹੈ। ਮੌਤ ਲੰਮੀ ਸਦੀਵੀ ਨੀਂਦ ਹੈ। ਭਿਆਨਕ ਬਿਮਾਰੀ ਦਾ ਸ਼ਿਕਾਰ ਇਨਸਾਨ, ਜਿਹੜਾ ਕਈ ਸਾਲਾਂ ਤੋਂ ਮੰਜੇ 'ਤੇ ਪਿਆ ਹੈ, ਭਿਆਨਕ ਰੋਗ ਨਾਲ ਜੂਝ ਰਿਹਾ ਹੈ ਤਾਂ ਅਜਿਹੀ ਸਥਿਤੀ ਵਿਚ ਉਸ ਇਨਸਾਨ ਦੇ ਮੂੰਹੋਂ ਆਪ-ਮੁਹਾਰੇ ਹੀ ਨਿਕਲ ਪੈਂਦਾ ਹੈ, ਹਾਇ ਮੈਂ ਮਰ ਜਾਵਾਂ! ਰੱਬਾ ਮੈਨੂੰ ਚੁੱਕ ਲੈ! ਅਜਿਹੀ ਸਥਿਤੀ ਵਿਚ ਜਦੋਂ ਇਨਸਾਨ ਆਪਣੇ ਆਪ ਜੋਗਾ ਨਹੀਂ ਰਹਿੰਦਾ ਤਾਂ ਮੌਤ ਨਾਲ ਖ਼ੁਦ-ਬ-ਖ਼ੁਦ ਸਾਂਝ ਪਾਉਣੀ ਚਾਹੁੰਦਾ ਹੈ। ਵਾਹਿਗੁਰੂ ਦੀ ਆਗੋਸ਼ ਵਿਚ ਆ ਕੇ ਸਦੀਵੀ ਸੁਖ, ਸਦੀਵੀਂ ਨੀਂਦ ਪ੍ਰਾਪਤ ਕਰਨਾ ਚਾਹੁੰਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਿਰਸੰਦੇਹ ਮੌਤ ਜੀਵਨ ਦਾ ਅਟੱਲ ਸੱਚ ਹੈ ਪਰ ਇਸ ਸੱਚ ਨੂੰ ਸਹਿਜ-ਭਾਵ ਨਾਲ ਸਵੀਕਾਰ ਕਰਨਾ ਹੈ। ਇਸ ਸੱਚ ਨੂੰ ਗਲੇ ਨਾਲ ਲਾਉਣਾ ਹੈ। ਇਸ ਸੱਚ 'ਤੇ ਅਫ਼ਸੋਸ ਨਹੀਂ ਕਰਨਾ। ਇਸ ਸੱਚ ਤੋਂ ਡਰਨਾ ਨਹੀਂ।

ਵਾਹਿਗੁਰੂ ਦੇ ਹੁਕਮ ਵਿਚ ਵਾਪਰਿਆ ਇਹ ਸੱਚ ਮਿੱਠਾ ਕਰਕੇ ਮੰਨਣਾ ਹੈ। ਉਸ ਸਿਰਜਨਹਾਰ ਅਕਾਲ ਪੁਰਖ ਦੀ ਬਣਾਈ ਹੋਈ ਮੌਤ ਨੂੰ ਹਮੇਸ਼ਾ ਯਾਦ ਰੱਖੋ। ਮੌਤ ਦੇ ਡਰ ਨਾਲ ਹੀ ਸਾਨੂੰ ਵਾਹਿਗੁਰੂ ਯਾਦ ਰਹੇਗਾ ਅਤੇ ਨੇਕ ਕਰਮ ਆਖ਼ਰ ਵਿਚ ਸਾਡਾ ਉਸ ਅਕਾਲ-ਪੁਰਖ ਨਾਲ ਸੁਮੇਲ ਕਰਵਾਉਣ ਵਿਚ ਸਹਾਈ ਹੋਣਗੇ।


## ਸੰਤ ਬਾਬਾ ਪ੍ਰੇਮ ਸਿੰਘ ਜੀ (ਮੁਰਾਲੇ ਵਾਲਿਆਂ) ਜੀ ਦੀ ਪਵਿਤੱਰ ਯਾਦ ਵਿੱਚ


## ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ ਚੰਡੀਗੜ੍ਹ ਵਿਖੇ

## "ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ" ਦੀ

## 68 ਵੀਂ ਬਰਸੀ ਮਿਤੀ, 24 ਜੂਨ, 2018 ਨੂੰ

**ਬੜੀ ਸ਼ਰਧਾ ਪੂਰਵਕ ਅਤੇ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਆਪ ਜੀ ਹੁੰਮ-ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ਧੰਨਵਾਦ।**


# ਦਹੇਜ਼ ਪ੍ਰਥਾ ਵਿੱਚ ਆਖਿਰ ਬਦਲਾਓ ਕਦੋਂ ਆਵੇਗਾ



ਅੱਜ ਕੱਲ੍ਹ ਵਿਆਹ ਸ਼ਾਦੀਆਂ ਤੇ ਹੱਦ ਨਾਲੋਂ ਕਿਤੇ ਵੱਧ ਖਰਚਾ ਕੀਤਾ ਜਾਂਦਾ ਹੈ। ਇਸ ਪ੍ਰਥਾ (ਰੀਤੀ-ਰਿਵਾਜਾਂ) ਨੂੰ ਰੋਕਣ ਲਈ ਸਾਡੇ ਸਮਾਜ ਦੀਆਂ ਜੱਥੇਬੰਦੀਆਂ ਅਤੇ ਨੌਜਵਾਨ ਵਰਗ ਦੇ ਬੱਚਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਨਹੀਂ ਤਾਂ ਆਪਸੀ ਪਰਿਵਾਰਿਕ ਝਗੜੇ ਹੁੰਦੇ ਹੀ ਰਹਿਣਗੇ ਅਤੇ ਧੀਆਂ ਭੈਣਾਂ ਦਹੇਜ ਦੀ ਬਲੀ ਚੜਦੀਆਂ ਹੀ ਰਹਿਣਗੀਆਂ।

ਦਹੇਜ ਦੀ ਪ੍ਰਥਾ ਉਦੋਂ ਸ਼ੁਰੂ ਹੋਈ ਸੀ ਜਦੋਂ ਧੀਆਂ ਭੈਣਾ ਨੂੰ ਇੱਕ ਤੋਹਫੇ ਦੇ ਤੌਰ ਤੇ ਪੀੜਾ-ਭੰਗੂੜਾ ਆਦਿ ਦਾਜ ਦੇ ਰੂਪ ਵਿੱਚ ਦਿੱਤਾ ਜਾਂਦਾ ਸੀ। ਜੋ ਕਿ ਲੜਕੀ ਦੇ ਗ੍ਰਹਿਸਤ ਜੀਵਨ ਵਿੱਚ ਕੰਮ ਆ ਸਕੇ। ਉਹ ਵੀ ਕੋਈ ਸ਼ਰਤ ਦੇ ਰੂਪ ਵਿੱਚ ਨਹੀਂ ਸੀ ਹੁੰਦਾ। ਸਗੋਂ ਇਕ ਖੁਸ਼ੀ ਅਤੇ ਪਿਆਰ ਦੇ ਰੂਪ ਵਿੱਚ ਦਿੱਤਾ ਜਾਂਦਾ ਸੀ। ਉਨ੍ਹਾਂ ਸਮਿਆਂ ਵਿੱਚ ਲੜਕਾ ਲੜਕੀ ਦੇ ਦੋਨੋਂ ਪਰਿਵਾਰਾਂ ਦੇ ਆਪਸ ਵਿੱਚ ਗੂੜ੍ਹੇ ਰਿਸ਼ਤੇ ਨਿਭਾਏ ਜਾਂਦੇ ਸਨ ਅਤੇ ਇੱਕ ਦੂਜੇ ਨੂੰ ਫੁੱਲਾਂ ਦੀ ਖੁਸ਼ਬੋ ਦੀ ਤਰ੍ਹਾਂ ਸਮਝਦੇ ਸਨ।

ਆਹਿਸਤਾ-ਆਹਿਸਤਾ ਸਮਾਂ ਬਦਲਦਾ ਗਿਆ ਅਤੇ ਲੋਕਾਂ ਕੋਲ ਧੰਨ ਦੋਲਤ ਅਤੇ ਪੈਸਾ ਆਉਣਾ ਸ਼ੁਰੂ ਹੋ ਗਿਆ ਜਿਸ ਕਾਰਨ ਰੀਤੀ-ਰਿਵਾਜਾਂ ਵਿਚ ਵਾਧਾ ਹੁੰਦਾ ਗਿਆ। ਅਸੀਂ ਜ਼ਰੂਰਤ ਤੋਂ ਜ਼ਿਆਦਾ ਵਿਆਹ ਸ਼ਾਦੀਆਂ ਦੇ ਖਰਚ ਕਰਨ ਲੱਗ ਪਏ ਅਤੇ ਆਪਣੇ ਆਪ ਨੂੰ ਸਮਾਜ ਵਿੱਚ ਵੱਡੀ ਸ਼ੋਹਰਤ ਲੈਣ ਦੀ ਕੋਸ਼ਿਸ਼ ਕਰਦੇ ਰਹੇ। ਜਿਸ ਦੇ ਸਿੱਟੇ ਵੱਜੋਂ ਮੱਧ ਜਾਂ ਗ਼ਰੀਬ ਵਰਗ ਦੇ ਲੋਕ ਉਹਨਾਂ ਵੱਲ ਵੇਖ ਕੇ ਕਰਜ਼ਾ ਚੁੱਕ ਕੇ ਜਾਂ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਵੱਡੇ ਲੋਕਾਂ ਨਾਲ ਬਰਾਬਰੀ ਕਰਨ ਦੀ ਕੋਸ਼ਿਸ਼ ਕਰਨ ਲੱਗ ਪਏ। ਅੰਤ ਵਿੱਚ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦਾ ਜਿਉਣਾ ਹੋਰ ਵੀ ਔਖਾ ਹੋ ਗਿਆ। ਜੋ ਕਿ ਸਾਡੇ ਸਮਾਜ਼ ਲਈ ਬਹੁਤ ਮੰਦਭਾਗਾ ਹੈ।




ਸ. ਬਲਵਿੰਦਰ ਸਿੰਘ ਮੁਲਤਾਨੀ
ਮੀਤ ਪ੍ਰਧਾਨ ਬਾਬਾ ਮੱਖਣ
ਸ਼ਾਹ ਲੁਬਾਣਾ ਭਵਨ ਚੰਡੀਗੜ੍ਹ।
ਮੋਬਾ- 98883-47131


ਅੱਜ ਕਲ੍ਹ ਸਾਡੇ ਵਿਆਹ ਸਮਾਗਮਾਂ ਵਿੱਚ ਚਾਰ ਤੋਂ ਪੰਜ ਸਮਾਗਮ ਕਰਵਾਏ ਜਾਂਦੇ ਹਨ। ਜਿਵੇਂ ਕਿ ਵੇਖਾ-ਵਿਖਾਈ, ਰਿੰਗ ਸੈਰਾਮਨੀ, ਸ਼ਗਨ, ਲੇਡੀ ਸੰਗੀਤ ਅਤੇ ਫੇਰ ਵਿਆਹ। ਵਿਆਹ ਸਮਾਗਮ ਤੋਂ ਪਹਿਲਾਂ ਕਾਰਡ ਦੇ ਨਾਲ ਇਕ ਕੀਮਤੀ ਮਠਿਆਈ ਦਾ ਡੱਬਾ ਦੇਣ ਦੀ ਪ੍ਰਥਾ ਵੀ ਹੈ। ਜੋ ਕਿ ਵਿਆਹ ਤੋਂ ਇਲਾਵਾ ਬਾਕੀ ਸਭ ਫਜ਼ੂਲ ਦਾ ਖ਼ਰਚਾ ਹੈ।

ਸਾਡੇ ਸਮਾਜ ਵਿਚ ਖ਼ਾਸ ਕਰਕੇ ਸਾਡੀ ਲੁਬਾਣਾ ਕੌਮ ਵਿਚ ਇਹ ਰੀਤੀ-ਰਿਵਾਜ਼ਾਂ ਨੇ ਬਹੁਤ ਪੈਰ ਪਸਾਰ ਲਏ ਹਨ। ਇਹਨਾਂ ਤਰੁਟੀਆਂ ਨੂੰ ਦੂਰ ਕਰਨਾ ਚਾਹੀਦਾ ਹੈ। ਅੱਜ-ਕੱਲ੍ਹ ਇਹਨਾਂ ਤਰੁਟੀਆਂ ਕਰਕੇ ਹੀ ਲਾਲਚੀ ਸਹੁਰਾ ਪਰਿਵਾਰ ਆਪਣੇ ਲੜਕੇ ਦਾ ਮੁੱਲ ਪਾਉਣ ਤੋਂ ਵੀ ਨਹੀਂ ਕਤਰਾਉਂਦੇ। ਉਸਦੀ ਨੌਕਰੀ ਅਤੇ ਉਸਦੇ ਅਹੁਦੇ ਮੁਤਾਬਿਕ ਉਸਦਾ ਮੁੱਲ ਪਾਉਂਦੇ ਹਨ ਅਤੇ ਆਪਣਾ ਮੰਨ ਚਾਹੁੰਦਾ ਲੈਣ-ਦੇਣ ਦੀ ਮੰਗ ਰੱਖਦੇ ਹਨ।

ਲੜਕੀ ਦੇ ਮਾਤਾ ਪਿਤਾ ਵਾਸਤੇ ਦਹੇਜ ਮਜਬੂਰੀ ਬਣ ਜਾਂਦੀ ਹੈ। ਇੱਥੇ ਹੀ ਬਸ ਨਹੀਂ ਵਿਆਹ ਤੋਂ ਬਾਅਦ ਵੀ ਲਾਲਚੀ ਸਹੁਰਾ ਪਰਿਵਾਰ ਆਪਣੀ ਦਹੇਜ ਦੀ ਭੁੱਖ ਜਾਰੀ ਰੱਖਦੇ ਹਨ ਅਤੇ ਲੜਕੀ ਨੂੰ ਮਾਨਸਿਕ ਤੌਰ ਤੇ ਤੰਗ ਅਤੇ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿਸਦੇ ਸਿੱਟੇ ਵੱਜੋਂ ਕਈ ਵਾਰ ਲੜਕੀ ਨੂੰ ਮਜ਼ਬੂਰੀ ਵਿਚ ਆਪਣੀ ਜਾਨ ਤੋਂ ਹੱਥ ਵੀ ਧੋਣਾ ਪੈਂਦਾ ਹੈ। ਜੋ ਕਿ ਸਾਡੇ ਸਮਾਜ ਲਈ ਇੱਕ ਕਲੰਕ ਦਾ ਵਿਸ਼ਾ ਹੈ।

ਆਮ ਤੌਰ 'ਤੇ ਇਹ ਵੀ ਵੇਖਿਆ ਜਾਂਦਾ ਹੈ ਕਿ ਜਦੋਂ ਲੜਕੀ ਦਾ ਰਿਸ਼ਤਾ ਕਰਨਾ ਹੁੰਦਾ ਹੈ ਤਾਂ ਵਿਦੇਸ਼ੀ ਲੜਕਿਆਂ ਨੂੰ ਜ਼ਿਆਦਾ ਪਹਿਲ ਦਿੱਤੀ ਜਾਂਦੀ ਹੈ। ਵਿਦੇਸ਼ੀ ਲੜਕੇ ਦੀ ਲੜਕੀ ਦੇ ਪਰਿਵਾਰ ਵੱਲੋਂ ਡੂੰਘਾਈ ਵਿੱਚ ਪੁੱਛ-ਪੜਤਾਲ ਨਹੀਂ ਕੀਤੀ ਜਾਂਦੀ। ਸਿਰਫ ਵਿਦੇਸ਼ ਦੇ ਲਾਲਚ ਵਿੱਚ ਲੜਕੀ ਨੂੰ ਨਰਕ ਵਿੱਚ ਸੁੱਟ ਦਿੱਤਾ ਜਾਂਦਾ ਹੈ। ਕਈ ਵਾਰ ਵਿਆਹ ਤੋਂ ਬਾਅਦ ਅਜਿਹੇ ਕੇਸ ਵੀ ਸਾਹਮਣੇ ਆਉਂਦੇ ਹਨ ਜਿਹਨਾਂ ਵਿੱਚ ਲੜਕੇ ਵੱਲੋਂ ਆਪਣੇ ਪੁਰਾਣੇ ਸਬੰਧਾਂ ਆਦਿ ਨੂੰ ਛੁਪਾ ਕੇ ਰੱਖਦੇ ਹਨ। ਇਸ ਤਰ੍ਹਾਂ ਸਾਡੇ ਸਮਾਜ ਵਿੱਚ ਲੜਕੀ ਨੂੰ ਬਾਹਰ ਭੇਜਣ ਦੇ ਲਾਲਚ ਵਿੱਚ ਰਿਸ਼ਤਾ ਕਰ ਦਿੱਤਾ ਜਾਂਦਾ ਹੈ। ਜਿਸ ਦਾ ਸਿੱਟਾ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਭੁਗਤਣਾ ਪੈਂਦਾ ਹੈ ਅਤੇ ਲੜਕੀ ਦਾ ਸਾਰਾ ਜੀਵਨ ਤਬਾਹ ਹੋ ਜਾਂਦਾ ਹੈ। ਅਜਿਹੇ ਲਾਲਚੀ ਧੋਖੇਬਾਜ਼ ਪਰਿਵਾਰਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਅੱਜ ਸਮਾਜ ਨੂੰ ਇਸ ਭੈੜੀ ਸੋਚ ਨੂੰ ਬਦਲਣ ਦੀ ਲੋੜ ਹੈ ਅਤੇ ਹਰ ਨੌਜਵਾਨ ਵਰਗ ਦੇ ਲੋਕਾਂ ਨੂੰ ਅਤੇ ਸਾਮਾਜਿਕ ਜੱਥੇਬੰਧੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ, ਤਾਂ ਜੋ ਅਜਿਹੇ ਰਿਤੀ-ਰਿਵਾਜ਼ਾਂ ਵਰਗੀਆਂ ਬੁਰਿਆਈਆਂ ਨੂੰ ਨਕੇਲ ਪਾਈ ਜਾ ਸਕੇ।

ਸਮਾਜ ਵਿਚ ਮਾਂ, ਧੀ, ਭੈਣ ਨੂੰਹ ਤੋਂ ਬਿਨਾਂ ਹਰ ਪਰਿਵਾਰ ਦਾ ਜੀਵਨ ਅਧੂਰਾ ਹੈ। ਦਹੇਜ ਲੈਣ ਪ੍ਰਤੀ ਲਾਲਚ ਲਗਾਤਾਰ ਵੱਧ ਰਿਹਾ ਹੈ। ਸਾਨੂੰ ਅਤੇ ਸਾਡੇ ਸਮਾਜ ਨੂੰ ਚਾਹੀਦਾ ਹੈ ਕਿ ਆਪਣੀਆਂ ਲੜਕੀਆਂ ਨੂੰ ਵੱਧ ਤੋਂ ਵੱਧ ਪੜ੍ਹਾਇਆ ਜਾਵੇ ਤਾਂ ਜੋ ਉਹ ਭੌਵਿਖ ਵਿਚ ਹਰ ਮੁਸ਼ਕਿਲ ਦਾ ਸਾਹਮਣਾ ਕਰ ਸਕਣ, ਸਹੁਰੇ ਪਰਿਵਾਰ ਦੇ ਖਾਨਦਾਨ ਦੀ ਇੱਜ਼ਤ ਨੂੰ ਅੱਗੇ ਵਧਾਉਣ ਅਤੇ ਸੁੱਖ ਦਾ ਜੀਵਨ ਬਤੀਤ ਕਰ ਸਕੇ।

ਭਖਦੇ ਮਸਲੇ

ਸੁਰਿੰਦਰ ਸਿੰਘ ਰੂਬੀ

# ਲੰਗਰ ਤੇ ਜੀ.ਐਸ.ਟੀ., ਸੱਚਾਈ ਅਤੇ ਹੱਲ ਕੀ ਹੈ?



ਜਦੋਂ ਤੋਂ ਦੇਸ਼ ਵਿਚ ਜੀ.ਐਸ.ਟੀ. ਟੈਕਸ ਪ੍ਰਣਾਲੀ ਚਾਲੂ ਹੋਈ ਹੈ ਪ੍ਰਿੰਟ ਮੀਡੀਆ, ਬਿਜਲਈ ਮੀਡੀਆ, ਸੋਸ਼ਲ ਮੀਡੀਆ ਤੇ ਇਹ ਗੱਲ ਬੜੇ ਜ਼ੋਰ ਨਾਲ ਚੱਲ ਰਹੀ ਹੈ ਕਿ ਕੇਂਦਰ ਸਰਕਾਰ ਵੱਲੋਂ ਗੁਰਦੁਆਰਿਆਂ ਖਾਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਵਰਤਾਏ ਜਾ ਰਹੇ ਮੁਫ਼ਤ ਲੰਗਰ ਤੇ ਜੀ.ਐਸ.ਟੀ. ਲਗਾ ਦਿੱਤਾ ਹੈ। ਪਹਿਲੀ ਨਜ਼ਰੇ ਇਹ ਬਹੁਤ ਬੁਰਾ ਲੱਗਦਾ ਹੈ ਕਿ ਮੁਫ਼ਤ ਵਿਚ ਲੱਖਾਂ ਪ੍ਰਾਣੀਆਂ ਨੂੰ ਲੰਗਰ ਛਕਾਉਣ ਉੱਤੇ ਵੀ ਜੀ.ਐਸ.ਟੀ. ਟੈਕਸ ਲੱਗ ਗਿਆ ਹੈ। ਸਰਕਾਰ ਵਿਰੋਧੀਆਂ ਨੇ ਧਾਰਮਿਕ ਤੌਰ ਤੇ ਵੀ ਇਹ ਮੁੱਦਾ ਭੜਕਾਉਣ ਦੀ ਬੜੀ ਕੋਸ਼ਿਸ਼ ਕੀਤੀ ਤੇ ਉਹ ਇਸ ਵਿਚ ਕੁਝ ਹੱਦ ਤੱਕ ਕਾਮਯਾਬ ਵੀ ਹੋਏ। ਕੁਝ ਸਿੱਖ ਹਲਕਿਆਂ ਨੇ ਇਸ ਨੂੰ ਸਿੱਖੀ ਉਤੇ ਜਾਣ ਬੁੱਝ ਕੇ ਕੀਤਾ ਗਿਆ ਆਰ.ਐਸ.ਐਸ. ਦਾ ਹਮਲਾ ਵੀ ਕਹਿ ਦਿੱਤਾ। ਇਸ ਮੁੱਦੇ ਨੂੰ ਤਹਿ ਤੱਕ ਸਮਝਣ ਦੀ ਲੋੜ ਹੈ। ਇਹ ਸਪੱਸ਼ਟ ਹੈ ਕਿ ਜੀ.ਐਸ.ਟੀ. ਸਿਰਫ਼ ਤੇ ਸਿਰਫ਼ ਉਹਨਾਂ ਚੀਜ਼ਾਂ ਤੇ ਲੱਗਦਾ ਹੈ ਜੋ ਵੇਚੀਆਂ ਜਾਣ, ਮੁਫ਼ਤ ਵਿਚ ਵੰਡੀਆਂ ਜਾਣ ਵਾਲੀਆਂ ਵਸਤਾਂ ਤੇ ਇਹ ਟੈਕਸ ਨਹੀਂ ਲੱਗਦਾ। ਇਸ ਤੋਂ ਭਾਵ ਹੈ ਕਿ ਗੁਰੂ ਘਰ ਵਿਚ ਵਰਤਾਇਆ ਜਾਣ ਵਾਲਾ ਲੰਗਰ ਵੀ ਜੀ.ਐਸ.ਟੀ. ਦੇ ਘੇਰੇ ਤੋਂ ਬਾਹਰ ਹੈ। ਫਿਰ ਸਵਾਲ ਹੈ ਕਿ ਇਹ ਸਾਰਾ ਵਾਵੇਲਾ ਕਿਉਂ? ਮਸਲਾ ਇਹ ਹੈ ਕਿ ਲੰਗਰ ਵਿਚ ਵਰਤੀ ਜਾਣ ਵਾਲੀ ਰਸਦ ਵਿਚੋਂ ਕਈ ਵਸਤਾਂ ਜੋ ਬਜ਼ਾਰ ਵਿਚੋਂ ਖਰੀਦੀਆਂ ਜਾਂਦੀਆਂ ਹਨ, ਉਹਨਾਂ ਦੀ ਖਰੀਦ ਕਰਨ ਤੇ ਵੇਚਕਾਰ ਜੀ.ਐਸ.ਟੀ. ਲਗਾਉਂਦਾ ਹੈ ਅਤੇ ਇਕੱਠਾ ਕਰਕੇ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾ ਕਰਵਾਉਂਦਾ ਹੈ। ਇਸ ਤਰ੍ਹਾਂ ਇਹ ਟੈਕਸ ਕਿਸੇ ਲੰਗਰ ਤੇ ਨਾਂ ਹੋ ਕਿ ਬਜ਼ਾਰੀ ਪਰਚੂਨ ਦੀਆਂ ਵਸਤਾਂ ਜੋ ਦੁਕਾਨਾਂ ਤੇ ਵਿਕਦੀਆਂ ਹਨ, ਸਿਰਫ਼ ਉਹਨਾਂ ਤੇ ਹੈ। ਲੰਗਰਾਂ ਲਈ ਵੀ ਜ਼ਰੂਰੀ ਖਰੀਦ ਕੀਤੀਆਂ ਜਾਣ ਵਾਲੀਆਂ ਵਸਤਾਂ ਤੇ ਖਰੀਦ ਵੇਲੇ ਇਹ ਟੈਕਸ ਦੇ ਕੇ ਹੀ ਆਮ ਜਨਤਾ ਵਾਂਗ ਲੰਗਰ ਲਾਉਣ ਵਾਲੀਆਂ ਸੰਸਥਾਵਾਂ ਇਹ ਵਸਤਾਂ ਖਰੀਦਦੀਆਂ ਹਨ। ਭਾਵੇਂ ਕਿ ਲੰਗਰ ਵਿਚ ਵਰਤੀਆਂ ਜਾਣ ਵਾਲੀਆਂ ਕੁਝ ਮੁੱਖ ਵਸਤਾਂ ਆਟਾ, ਵੇਸਣ, ਬਰੈਡ, ਪ੍ਰਸ਼ਾਦ, ਲੂਣ, ਦੁੱਧ, ਦਹੀਂ, ਫਲ, ਸ਼ਹਿਦ ਅਤੇ ਸਫ਼ਾਈ ਲਈ ਵਰਤਿਆ ਜਾਂਦਾ ਝਾੜੂ ਪਹਿਲਾਂ ਹੀ ਜੀ.ਐਸ.ਟੀ. ਦੀ 0% ਟੈਕਸ ਸੂਚੀ ਵਿਚ ਸ਼ਾਮਲ ਹਨ ਭਾਵ ਇਹਨਾਂ ਦੀ ਖਰੀਦ ਕਰਨ ਤੇ ਕੋਈ ਜੀ.ਐਸ.ਟੀ. ਨਹੀਂ ਲੱਗਦਾ। ਫਿਰ ਵੀ ਇਹ ਗੱਲ ਸਹੀ ਹੈ ਕਿ ਲੱਖਾਂ ਸ਼ਰਧਾਲੂਆਂ ਨੂੰ ਮੁਫ਼ਤ ਲੰਗਰ ਦੀ ਸੇਵਾ ਕਰਨ ਲਈ ਖਰੀਦੇ ਜਾਣ ਵਾਲੀਆਂ ਵਸਤਾਂ ਤੇ ਸਰਕਾਰ ਵੱਲੋਂ ਇਨ੍ਹਾਂ ਸੰਸਥਾਵਾਂ ਵੱਲੋਂ ਕੀਤੀ ਖਰੀਦ ਤੇ ਟੈਕਸ ਲੈਣਾ ਜਾਇਜ਼ ਨਹੀਂ ਹੈ। ਪਹਿਲਾਂ ਪੰਜਾਬ ਜਨਰਲ ਸੇਲਜ ਟੈਕਸ ਐਕਟ ਅਤੇ ਪੰਜਾਬ ਵੈਟ ਐਕਟ ਵਿਚ ਵੀ ਇਸ ਦਾ ਹੱਲ ਕੱਢਿਆ ਗਿਆ ਸੀ ਜੋ ਕਿ ਜੀ.ਐਸ.ਟੀ. ਲੱਗਣ ਤੋਂ ਪਹਿਲਾਂ ਪੰਜਾਬ ਰਾਜ ਵਿਚ ਲਾਗੂ ਰਹੇ ਸਨ। ਕਿਉਂਕਿ ਉਦੋਂ ਇਹ ਸਿਰਫ਼ ਰਾਜ ਦੇ ਟੈਕਸ ਕਾਨੂੰਨ ਅਧੀਨ ਆਉਂਦਾ ਸੀ ਤੇ ਕੇਂਦਰ ਦਾ ਕੋਈ ਦਖਲ ਨਹੀਂ




ਹੁੰਦਾ ਸੀ। ਇਸ ਲਈ ਰਾਜ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਨਾ ਮੰਦਿਰ ਅਤੇ ਡੇਰਾ ਬਿਆਸ ਵੱਸੋਂ ਕੀਤੀਆਂ ਜਾਣ ਵਾਲੀਆਂ ਹਰ ਤਰ੍ਹਾਂ ਦੀਆਂ ਖਰੀਦਾਂ ਨੂੰ ਟੈਕਸ ਮੁਕਤ ਕਰਨ ਦਾ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਹੋਇਆ ਸੀ। ਜਿਸ ਅਧੀਨ ਇਹਨਾਂ ਸੰਸਥਾਵਾਂ ਵੱਲੋਂ ਕੀਤੀ ਖਰੀਦ ਸਬੰਧੀ ਇਕ ਸਬੂਤ ਫਾਰਮ ਵੇਚਕਾਰ ਨੂੰ ਆਪਣੀ ਮੋਹਰ ਲਾ ਕੇ ਦੇਣਾ ਹੁੰਦਾ ਸੀ ਜੋ ਕਿ ਉਹ ਆਪਣੀ ਟੈਕਸ ਦੇਣਦਾਰੀ ਦੀ ਨਿਰਧਾਰਨ ਵੇਲੇ ਸਬੰਧਿਤ ਅਧਿਕਾਰੀ ਸਾਹਮਣੇ ਟੈਕਸ ਮੁਕਤ ਵਸਤਾਂ ਸਿਰਫ਼ ਟੈਕਸ ਛੋਟ ਪ੍ਰਾਪਤ ਅਦਾਰਿਆਂ ਨੂੰ ਹੀ ਵੇਚੀਆਂ ਗਈਆਂ ਹਨ, ਦੇ ਸਬੂਤ ਦੇ ਤੌਰ ਤੇ ਪੇਸ਼ ਕਰਦਾ ਸੀ। ਪਿਛੇ ਜਿਹੇ ਪੰਜਾਬ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਿਰ ਵੱਲੋਂ ਲੰਗਰਾਂ ਲਈ ਕੀਤੀ ਜਾ ਰਹੀ ਖਰੀਦ ਤੇ ਸੂਬੇ ਦੇ ਹਿੱਸੇ ਦੇ ਜੀ.ਐਸ.ਟੀ. ਮਾਫ਼ ਕਰਨ ਲਈ ਫਿਰ ਅਜਿਹਾ ਹੀ ਤਰੀਕਾ ਅਪਣਾਇਆ ਹੈ। ਪੰਜਾਬ ਵਿਚ ਸਿਰਫ਼ ਇਹ ਦੋ ਸੰਸਥਾਵਾਂ ਨੂੰ ਹੀ ਇਹ ਫਾਇਦਾ ਦਿੱਤਾ ਗਿਆ ਹੈ ਜਦੋਂ ਕਿ ਕੇਂਦਰ ਸਰਕਾਰ ਨੇ ਸਮੁੱਚੇ ਦੇਸ਼ ਦੀਆਂ ਅਜਿਹੀਆਂ ਸੰਸਥਾਵਾਂ ਵੱਲੋਂ ਕੀਤੀ ਜਾ ਰਹੀ ਖਰੀਦ ਉਤੇ ਬਣਦੇ ਟੈਕਸ ਤੇ ਫੈਸਲਾ ਲੈਣਾ ਹੁੰਦਾ ਹੈ।

ਇਹ ਗੱਲ ਤਾਂ ਪੱਕੀ ਹੈ ਕਿ ਮੌਜੂਦਾ ਕੇਂਦਰ ਸਰਕਾਰ ਲੰਗਰ ਦੀਆਂ ਵਸਤਾਂ ਦੀ ਖਰੀਦ ਤੇ ਲੱਗਦਾ ਆਪਣੇ ਹਿੱਸੇ ਦਾ ਜੀ.ਐਸ.ਟੀ. ਵੀ ਮਾਫ਼ ਕਰੇਗੀ। ਫੈਸਲਾ ਲੈਣ ਵਿਚ ਕੁਝ ਸਮਾਂ ਲੱਗ ਸਕਦਾ ਹੈ ਕਿਉਂਕਿ ਦੇਸ਼ ਭਰ ਵਿਚ ਵੱਖ-ਵੱਖ ਧਰਮਾਂ ਦੇ ਮੰਦਿਰਾਂ, ਗੁਰਦੁਆਰਿਆਂ, ਮਸਜਿਦਾਂ, ਮੱਠਾ ਆਦਿ ਵੱਲੋਂ ਵਰਤਾਏ ਜਾ ਰਹੇ ਮੁਫ਼ਤ ਲੰਗਰਾਂ ਅਤੇ ਹੋਰ ਸੇਵਾਵਾਂ ਦੀ ਗਿਣਤੀ ਮਿਣਤੀ ਕਰਨ ਤੇ ਵੀ ਸਮਾਂ ਲੱਗਦਾ ਹੈ। ਤਰੀਕਾ ਪਹਿਲਾਂ ਵਾਲਾ ਹੀ ਲਾਗੂ ਹੋਵੇਗਾ ਕਿ ਇਹਨਾਂ ਸੰਸਥਾਵਾਂ ਵੱਲੋਂ ਕੀਤੀ ਜਾਂਦੀ ਖਰੀਦ ਦਾ ਇਹਨਾਂ ਵੱਲੋਂ ਇਕ ਸਬੂਤ ਫਾਰਮ ਜੋ ਕਿ ਸਰਕਾਰ ਮੁਹੱਈਆ ਕਰਵਾਏਗੀ, ਆਪਣੀ ਮੋਹਰ ਅਤੇ ਖਰੀਦ ਬਿੱਲ ਦੇ ਵੇਰਵੇ ਸਮੇਤ ਵੇਚਕਾਰ ਨੂੰ ਮੁਹੱਈਆ ਕਰਵਾਉਣਾ ਹੋਵੇਗਾ ਤੇ ਫਿਰ ਉਹ ਇਹਨਾਂ ਵਸਤਾਂ ਤੇ ਟੈਕਸ ਨਹੀਂ ਲਵੇਗਾ।

ਪੰਜਾਬ ਸਰਕਾਰ ਵੱਲੋਂ ਸਿਰਫ਼ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਿਰ ਦੁਆਰਾ ਲੰਗਰ ਵਸਤਾਂ ਦੀ ਖਰੀਦ ਤੇ ਹੀ ਜੀ.ਐਸ.ਟੀ. ਛੋਟ ਦੀ ਘੋਸ਼ਣਾ ਕੀਤੀ ਗਈ ਹੈ। ਜਿਸ ਦਾ ਅਜੇ ਨੋਟੀਫਿਕੇਸ਼ਨ ਨਹੀਂ ਹੋਇਆ। ਪ੍ਰੰਤੂ ਇਸ ਨਾਲ ਪ੍ਰਾਂਤ ਵਿਚ ਹੋਰ ਵੱਡੇ ਗੁਰਦੁਆਰੇ, ਜਿਥੇ ਰੋਜ਼ਾਨਾ ਹੀ ਹਜ਼ਾਰਾਂ ਪ੍ਰਾਣੀ ਲੰਗਰ ਛਕਦੇ ਹਨ ਇਸ ਦੇ ਘੇਰੇ ਵਿਚ ਨਹੀਂ ਆਉਣਗੇ। ਇਸ ਲਈ ਸੂਬਾ ਸਰਕਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੇ ਗੁਰਦੁਆਰਾ ਸਾਹਿਬਾਨ ਲਈ ਖਰੀਦੀ ਜਾਣ ਵਾਲੀ ਲੰਗਰ ਰਸਦ ਤੇ ਜੀ.ਐਸ.ਟੀ. ਨਾਂ ਲੈਣ ਦਾ ਨੋਟੀਫਿਕੇਸ਼ਨ ਜਾਰੀ ਕਰਨਾ ਚਾਹੀਦਾ ਹੈ ਨਾ ਕਿ ਇਕੱਲੇ ਸ੍ਰੀ ਹਰਿਮੰਦਰ ਸਾਹਿਬ ਲਈ ਅਤੇ ਇਸੇ ਤਰ੍ਹਾਂ ਹੀ ਕੇਂਦਰ ਸਰਕਾਰ ਵੱਲੋਂ ਵੀ ਅਜਿਹੀ ਨੀਤੀ ਬਨਾਉਣੀ ਪਵੇਗੀ ਜਿਸ ਵਿਚ ਸਾਰੇ ਗੁਰਦੁਆਰਾ ਸਾਹਿਬਾਨ ਸ਼ਾਮਲ ਹੋ ਸਕਣ।

ਦੋਨਾਂ ਸਰਕਾਰਾਂ ਦਾ ਜੀ.ਐਸ.ਟੀ. ਆਮਦਨ ਵਿਚ ਬਰਾਬਰ ਦਾ ਹਿੱਸਾ ਹੈ। ਦੋਨਾਂ ਰਾਜ ਅਤੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਜਲਦੀ ਅਤੇ ਸਾਰਥਕ ਫੈਸਲਾ ਲੈ ਕੇ ਲੰਗਰ ਵਸਤਾਂ ਦੀ ਖਰੀਦ ਤੇ ਜੀ.ਐਸ.ਟੀ. ਮਾਫੀ ਦੀ ਘੋਸ਼ਣਾ ਕਰਨੀ ਚਾਹੀਦੀ ਹੈ।

ਕੇਂਦਰ ਸਰਕਾਰ ਨੂੰ ਸੁਝਾਅ ਹੈ ਕਿ ਸ਼ਰਧਾਲੂਆਂ ਦੇ ਹਿਰਦੇ ਸ਼ਾਂਤ ਕਰਨ ਲਈ ਜੁਲਾਈ 2017 ਤੋਂ ਲੰਗਰ ਦੀਆਂ ਵਸਤਾਂ ਤੋਂ ਇਕੱਠਾ ਕੀਤਾ ਗਿਆ ਜੀ.ਐਸ.ਟੀ. ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਾਪਸ ਕਰ ਦੇਵੇ, ਇਸੇ ਤਰ੍ਹਾਂ ਰਾਜ ਸਰਕਾਰ ਵੀ ਕਰੇ ਤਾਂ ਜੋ ਸਿੱਖੀ ਦੀ ਇਕ ਉੱਤਮ ਪ੍ਰੰਪਰਾ ਬਿਨਾਂ ਕਿਸੇ ਰੋਕ ਟੋਕ ਦੇ ਚਲਦੀ ਰਹੇ।

# ਵੱਧ ਰਹੀਆਂ ਪੈਟਰੋਲ ਡੀਜ਼ਲ ਦੀਆਂ ਕੀਮਤਾਂ - ਕੀ ਇਕੱਲੀ ਕੇਂਦਰ ਸਰਕਾਰ ਜ਼ਿੰਮੇਵਾਰ?




ਅੱਜਕੱਲ੍ਹ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਅਸਮਾਨੀ ਜਾ ਪਹੁੰਚੀਆਂ ਹਨ। ਆਮ ਸ਼ਹਿਰੀ ਇਸ ਵਿਚ ਪਿਸ ਕੇ ਰਹਿ ਗਿਆ ਹੈ। ਅੰਤਰਰਾਸ਼ਟਰੀ ਬਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਿਚ ਚੋਖਾ ਵਾਧਾ ਜਿਥੇ ਇਸ ਲਈ ਜ਼ਿੰਮੇਵਾਰ ਹੈ ਉਥੇ ਹੀ ਕੇਂਦਰ ਅਤੇ ਰਾਜ ਸਰਕਾਰਾਂ ਵੀ ਇਸ ਲਈ ਪੂਰੀਆਂ ਜ਼ਿੰਮੇਵਾਰ ਹਨ। ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਣੀਆਂ ਵਿਕਾਸ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ ਅਤੇ ਹੋਰ ਅਨੇਕਾਂ ਖਰਚੇ ਦੇਸ਼ ਵਾਸੀਆਂ ਤੇ ਟੈਕਸ ਲਗਾ ਕੇ ਮਾਲੀਆ ਉਗਰਾਹ ਕੇ ਹੀ ਪੂਰੇ ਕਰਨੇ ਹੁੰਦੇ ਹਨ। ਪ੍ਰੰਤੂ ਇਹ ਅਰਥ ਸ਼ਾਸਤਰੀਆਂ ਨੇ ਵੇਖਣਾ ਹੁੰਦਾ ਹੈ ਕਿ ਜਦੋਂ ਬਾਕੀ ਦੀਆਂ ਆਮ ਵਸਤਾਂ ਤੇ ਮਹਿੰਗਾਈ ਦੀ ਮਾਰ ਪੂਰੀ ਤਰ੍ਹਾਂ ਨਾਲ ਪੈ ਰਹੀ ਹੈ ਤਾਂ ਆਮ ਨਾਗਰਿਕ ਨੂੰ ਕਿਥੋਂ ਥੋੜ੍ਹੀ ਰਾਹਤ ਦੇਣੀ ਹੁੰਦੀ ਹੈ। ਇਸ ਵਿਚ ਪੰਜਾਬ ਦੀ ਰਾਜ ਸਰਕਾਰ ਵੱਲੋਂ ਅਤੇ ਕੇਂਦਰ ਦੇ ਵਿਰੋਧ ਵਿਚਲੀਆਂ ਸਿਆਸੀ ਪਾਰਟੀਆਂ ਨੇ ਇਸ ਵਾਧੇ ਲਈ ਸਿਰਫ਼ ਅਤੇ ਸਿਰਫ਼ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਇਕ ਚਾਲ ਚੱਲੀ ਹੋਈ ਹੈ। ਇਸ ਸਾਰੇ ਨੂੰ ਸਮਝਣ ਲਈ ਤੇਲ ਕੀਮਤ ਜੋ ਕਿ ਸਾਧਾਰਨ ਵਿਅਕਤੀ ਨੂੰ ਅਦਾ ਕਰਨੀ ਪੈਂਦੀ ਹੈ। ਉਸ ਦੀ ਸਾਰੀ ਪ੍ਰਕ੍ਰਿਆ ਨੂੰ ਸਮਝਣ ਦੀ ਲੋੜ ਹੈ। ਮਈ ਮਹੀਨੇ ਦੇ ਆਖਰੀ ਹਫ਼ਤੇ ਨੂੰ ਜੇਕਰ ਅਧਾਰ ਬਣਾ ਕੇ ਵੇਖੀਏ ਤਾਂ ਹੇਠ ਲਿਖੇ ਅਨੁਸਾਰ ਤੇਲ ਦੀ ਕੀਮਤ ਨਿਰਧਾਰਤ ਹੁੰਦੀ ਹੈ।

| | | ਪੈਟਰੋਲ | ਡੀਜ਼ਲ |
|---|---|---|---|
| ਅੰਤਰਰਾਸ਼ਟਰੀ ਬਜ਼ਾਰ ਵਿਚ ਕੱਚੇ ਤੇਲ ਦੀ ਕੀਮਤ | – | 72.5 ਡਾਲਰ | 72.5 ਡਾਲਰ (ਪ੍ਰਤੀ ਬੈਰਲ) |
| ਇਕ ਬੈਰਲ = 159 ਲੀਟਰ, ਕੀਮਤ ਰੁਪੈ ਵਿਚ | – | 4930 ਰੁਪੈ | 4930 ਰੁਪੈ |
| ਇਕ ਲੀਟਰ ਦੀ ਕੀਮਤ | – | 31 ਰੁਪੈ | 31 ਰੁਪੈ |
| ਰਿਫਾਈਨਰੀ ਤੱਕ ਪਹੁੰਚ ਦਾ ਕਿਰਾਇਆ ਸਾਫ਼ ਕਰਨ ਦੀ ਕੀਮਤ, ਦਾਖਲਾ ਟੈਕਸ ਆਦਿ | – | 5.93 ਰੁਪੈ | 8.78 ਰੁਪੈ |
| ਮੁੱਢਲੀ ਕੀਮਤ | – | 36.93 ਰੁਪੈ ਪ੍ਰਤੀ ਲੀਟਰ | 39.08 ਰੁਪੈ ਪ੍ਰਤੀ ਲੀਟਰ |
| ਕੇਂਦਰ ਸਰਕਾਰ ਦੀ ਕੇਂਦਰੀ ਆਬਕਾਰੀ ਡਿਊਟੀ | – | 19.48 " | 15.33 " |
| ਰਾਜਾਂ ਵਿਚ ਪੈਟਰੋਲ ਪੰਪ ਡੀਲਰ ਤੱਕ ਪਹੁੰਚਣ ਤੇ ਕੀਮਤ | – | 56.41 " | 55.11" |
| ਪੈਟਰੋਲ ਪੰਪ ਡੀਲਰ ਦਾ ਕਮਿਸ਼ਨ | – | 03.62 " | 02.52" |
| ਕੁਲ ਵੇਚ ਕੀਮਤ | – | 60.03 " | 57.63 " |
| ਰਾਜ ਸਰਕਾਰ ਦਾ ਵੈਟ | – | 16.21 " | 9.91 " |
| ਗਾਹਕ ਲਈ ਕੀਮਤ | – | 76.24 " | 67.54 " |

ਇਕ ਸਰਸਰੀ ਨਿਗਾਹ ਮਾਰਨ ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਖਰੀ ਕੀਮਤ ਵਿਚ ਜਿਥੇ ਕੇਂਦਰੀ ਸਰਕਾਰ ਦੀ ਆਬਕਾਰੀ ਡਿਊਟੀ ਸ਼ਾਮਲ ਹੈ ਉਥੇ ਲੱਗਭਗ ਉਸੇ ਹੀ ਦਰ ਵਿਚ ਰਾਜ ਸਰਕਾਰਾਂ ਦਾ ਵੈਟ ਟੈਕਸ ਵੀ ਸ਼ਾਮਲ ਹੈ। ਭਾਵ ਇਕ ਲੀਟਰ ਪੈਟਰੋਲ ਦੀ ਵੇਚ ਤੇ ਸੂਬਾ ਸਰਕਾਰ ਨੂੰ ਚੁਪ ਚੁਪੀਤੇ ਹੀ 16.21 ਪੈਸੇ ਦੀ ਟੈਕਸ ਆਮਦਨ ਹੋ ਜਾਂਦੀ ਹੈ। ਵੈਟ ਦੀ ਇਹ ਦਰ ਸਮੇਂ-ਸਮੇਂ ਤੇ ਵਧਾਈ ਵੀ ਜਾਂਦੀ ਹੈ। ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰਾਂ ਨੂੰ ਤੇਲ ਵਸਤਾਂ ਤੇ ਵੈਟ ਦਰ ਘਟਾਉਣ ਲਈ ਮਨਾਉਣ ਦੀਆਂ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਕੋਈ ਸਾਰਥਕ ਲਾਭ ਨਹੀਂ ਹੋਇਆ। ਇਸ ਦਾ ਹੱਲ ਤਾਂ ਇਹੋ ਹੀ ਹੈ ਕਿ ਇਸ ਵਧੀ ਕੀਮਤ ਨੂੰ ਠੱਲ ਪਾਉਣ ਲਈ ਕੇਂਦਰ ਸਰਕਾਰ ਆਪਣੀ ਕੇਂਦਰੀ ਆਬਕਾਰੀ ਡਿਊਟੀ ਵਿਚ ਛੋਟ ਦੇਵੇ ਅਤੇ ਰਾਜ ਸਰਕਾਰਾਂ ਆਪਣੇ ਵੱਲੋਂ ਉਗਰਾਹੇ ਜਾਂਦੇ ਸਟੇਟ ਵੈਟ ਟੈਕਸ ਵਿਚ ਕੁਝ ਛੋਟ ਦੇਣ। ਜੇ ਦੋਨੋਂ ਸਰਕਾਰਾਂ ਇਹ ਛੋਟ 5 ਰੁਪਏ ਪ੍ਰਤੀ ਲੀਟਰ ਵੀ ਦਿੰਦੀਆਂ ਹਨ ਤਾਂ ਆਮ ਜਨਤਾ ਨੂੰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ 10 ਰੁਪਏ ਪ੍ਰਤੀ ਲੀਟਰ ਦਾ ਫਾਇਦਾ ਹੋ ਸਕਦਾ ਹੈ। ਲੋਕ ਦੇਸ਼ ਅਤੇ ਸੂਬੇ ਦੀ ਤਰੱਕੀ ਲਈ ਟੈਕਸ ਦੇਣ ਤੋਂ ਭੱਜਦੇ ਨਹੀਂ ਹਨ ਅੰਤਰਰਾਸ਼ਟਰੀ ਬਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਿਚ ਉਤਰਾਅ ਚੜਾਅ ਆਉਂਦਾ ਰਹਿੰਦਾ ਹੈ। ਕੀਮਤਾਂ ਥੱਲੇ ਜਾਣ ਤੇ ਸਰਕਾਰਾਂ ਕੀਮਤਾਂ ਵਿਚ ਹੋਰ ਬਦਲਾਅ ਨਾ ਕਰਕੇ ਆਪਣਾ ਮਾਲੀਆ ਪੂਰਾ ਕਰ ਸਕਦੀਆਂ ਹਨ। ਪਰ ਅੱਜ ਇਸ ਬੋਝ ਤੋਂ ਨਿਜਾਤ ਦੇਣਾ ਦੋਨਾਂ ਸਰਕਾਰਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਪੰਜਾਬ ਸਰਕਾਰ ਦੇ ਖਜ਼ਾਨਾ ਮੰਤਰੀ ਸਾਹਿਬ ਨੇ ਤੇਲ ਕੀਮਤਾਂ ਦੇ ਵਾਧੇ ਤੋਂ ਬਾਅਦ ਵਧੀ ਹੋਈ ਵੈਟ ਆਮਦਨ ਕਰਕੇ ਪੰਜਾਬ ਦਾ ਖਜ਼ਾਨਾ ਖਾਲੀ ਹੈ ਦਾ ਰਾਗ ਅਲਾਪਣਾ ਬੰਦ ਕਰ ਦਿੱਤਾ ਹੈ। ਪ੍ਰੰਤੂ ਹਰ ਬੋਝ ਦੀ ਕੋਈ ਹੱਦ ਹੁੰਦੀ ਹੈ। ਦੋਨਾਂ ਸਰਕਾਰਾਂ ਲੋਕ ਪੱਖੀ ਫੈਸਲਾ ਲੈ ਕੇ ਆਮ ਜਨਤਾ ਨੂੰ ਇਹ ਫੌਰੀ ਰਾਹਤ ਜ਼ਰੂਰ ਤੇ ਜਲਦੀ ਦੇਣ।

# ਸ. ਗੁਰਪ੍ਰੀਤ ਸਿੰਘ ਬਣੇ ਅਮਰੀਕਾ ਦੀ ਯੂਟਾ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਕਾਲਜਾਂ ਦੇ ਬੋਰਡ ਆਫ਼ ਡਾਇਰੈਕਟਰਜ ਦੇ ਮੈਂਬਰ



ਲੁਬਾਣਾ ਬਰਾਦਰੀ ਲਈ ਬੜੇ ਮਾਣ ਦੀ ਗੱਲ ਹੈ ਕਿ ਬਰਾਦਰੀ ਦੇ ਇਕ ਹੋਣਹਾਰ ਫਰਜੰਦ ਗੁਰਪ੍ਰੀਤ ਸਿੰਘ ਅਮਰੀਕਾ ਦੇ ਸ਼ਹਿਰ ਸਾਲਟ ਲੇਕ ਯੂਟਾ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਕਾਲਜਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਵਿਚ ਇਕ ਡਾਇਰੈਕਟਰ ਮੈਂਬਰ ਚੁਣੇ ਗਏ ਹਨ। ਯੂਨੀਵਰਸਿਟੀ ਦੇ ਇਸ ਬੋਰਡ ਦੇ ਮੈਂਬਰ ਯੂਨੀਵਰਸਿਟੀ ਦੇ ਅਧੀਨ ਆਉਣ ਵਾਲੇ ਇੰਜੀਨੀਅਰਿੰਗ ਕਾਲਜਾਂ ਦੀ ਜਨਰਲ ਕਾਰਗੁਜਾਰੀ, ਅਧਿਆਪਕਾਂ ਦੀ ਚੋਣ, ਵਿਦਿਆਰਥੀਆਂ ਦੀ ਭਲਾਈ, ਕਾਲਜਾਂ ਵਿਚ ਤਕਨੀਕੀ ਸੁਧਾਰ ਅਤੇ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਰਗ ਦਰਸ਼ਕ ਦੀ ਭੂਮਿਕਾ ਅਦਾ ਕਰਦੇ ਹਨ।

ਸ. ਗੁਰਪ੍ਰੀਤ ਸਿੰਘ ਨੇ ਸਾਲ 2005 ਵਿਚ ਯੂਟਾ ਯੂਨੀਵਰਸਿਟੀ ਤੋਂ ਹੀ ਰਿਸਰਚ ਸਕਾਲਰਸ਼ਿਪ ਪ੍ਰਾਪਤ ਕਰਕੇ ਸਿਵਲ ਇੰਜੀਨੀਅਰਿੰਗ ਦੀ ਮਾਸਟਰ ਡਿਗਰੀ ਪਾਸ ਕੀਤੀ ਸੀ। ਅੱਜਕਲ੍ਹ ਆਪ ਸਾਲਟ ਲੇਕ ਸ਼ਹਿਰ ਯੂਟਾ ਚਿ ਹੀ ਇਕ ਪਾਵਰ ਇੰਜੀਨੀਅਰਿੰਗ ਕੰਪਨੀ ਦੇ ਡਾਇਰੈਕਟਰ ਦੇ ਤੌਰ ਤੇ ਕੰਮ ਕਰ ਰਹੇ ਹਨ ਅਤੇ ਯੂਟਾ ਯੂਨੀਵਰਸਿਟੀ ਵਿਚ ਡਾਇਰੈਕਟਰ ਚੁਣੇ ਜਾਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ।

ਸ. ਗੁਰਪ੍ਰੀਤ ਸਿੰਘ ਬੇਗੋਵਾਲ ਦੇ ਨਜ਼ਦੀਕ ਪਿੰਡ ਬਰਿਆਰ ਜ਼ਿਲ੍ਹਾ ਕਪੂਰਥਲਾ ਦੇ ਸ. ਕਰਤਾਰ ਸਿੰਘ ਦੇ ਪੋਤਰੇ ਅਤੇ ਪ੍ਰਿੰਸੀਪਲ ਕੁਲਦੀਪ ਸਿੰਘ ਖਾਲਸਾ ਦੇ ਸਪੁੱਤਰ ਹਨ। ਇਹਨਾਂ ਦੀ ਸ਼ਾਦੀ ਲੁਬਾਣਾ ਬਰਾਦਰੀ ਦੀ ਅਤੀ ਸਤਿਕਾਰਯੋਗ ਹਸਤੀ ਅਤੇ ਬੁਧੀਜੀਵੀ ਪ੍ਰਿੰਸੀਪਲ ਵਰਿਆਮ ਸਿੰਘ ਜੀ ਕਪੂਰਥਲਾ ਦੇ ਸਪੁਤਰ ਇੰਜੀ. ਜਗਤਾਰ ਸਿੰਘ ਦੇ ਬੇਟੀ ਨਾਲ ਹੋਈ ਹੈ। ਜੋ ਕਿ ਅੱਜਕਲ੍ਹ ਪਟਿਆਲਾ ਵਿਖੇ ਸੈਟਲ ਹਨ। ਪ੍ਰਿੰਸੀਪਲ ਵਰਿਆਮ ਸਿੰਘ ਜੀ ਦੇ ਪਰਿਵਾਰ ਦੇ ਹੋਰ ਵੀ ਕਈ ਮੈਂਬਰਾਂ ਨੇ ਸਮਾਜ ਵਿਚ ਲੁਬਾਣਾ ਬਰਾਦਰੀ ਦਾ ਨਾਮ ਉੱਚਾ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।

ਅਦਾਰਾ 'ਲੁਬਾਣਾ ਸੇਵਕ' ਸ. ਗੁਰਪ੍ਰੀਤ ਸਿੰਘ ਦੀ ਇਸ ਵੱਡੀ ਪ੍ਰਾਪਤੀ ਤੇ ਦੋਨਾਂ ਪਰਿਵਾਰਾਂ ਨੂੰ ਵਧਾਈ ਪੇਸ਼ ਕਰਦਾ ਹੈ ਅਤੇ ਭਵਿੱਖ ਵਿਚ ਹੋਰ ਪ੍ਰਾਪਤੀਆਂ ਅਤੇ ਤਰੱਕੀਆਂ ਲਈ ਸ਼ੁਭ ਕਾਮਨਾਵਾਂ ਭੇਂਟ ਕਰਦਾ ਹੈ।

# ਸ਼ੋਕ ਸਮਾਚਾਰ



ਸ਼੍ਰੀ ਹਰਜਿੰਦਰਪਾਲ ਪੁੱਤਰ ਸ਼੍ਰੀ ਰਤੀ ਰਾਮ, ਪਿੰਡ-ਹਰੀਪੁਰ ਸੰਧੋਲੀ, ਬੱਦੀ, ਤਹਿਸੀਲ-ਨਾਲਾਗੜ੍ਹ ਲਗ-ਭਗ 55 ਸਾਲ ਦੀ ਉਮਰ ਭੋਗ ਕੇ ਮਿਤੀ 06-05-2018 ਨੂੰ ਗੁਰੂ ਚਰਨਾਂ ਵਿਚ ਜਾ ਵਿਰਾਜੇ ਹਨ। ਉਹਨਾਂ ਦਾ ਅੰਤਿਮ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਸੰਧੋਲੀ ਵਿਖੇ ਕੀਤਾ ਗਿਆ। ਜਿਸ ਵਿੱਚ ਇਲਾਕੇ ਦੇ ਬਹੁਤ ਵੱਡੇ ਇੱਕਠ ਨੇ ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਹਿੱਸਾ ਲਿਆ। ਹਰਿੰਦਰਪਾਲ ਬਹੁਤ ਹੀ ਨੇਕਦਿਲ, ਸੱਚੇ-ਸੁੱਚੇ ਅਤੇ ਇਮਾਨਦਾਰ ਇਨਸਾਨ ਵੱਜੋਂ ਇਲਾਕੇ ਵਿੱਚ ਜਾਣੇ ਜਾਂਦੇ ਸਨ ਅਤੇ ਉਹ ਬਹੁਤ ਹੀ ਧਾਰਮਿਕ ਸ਼ਖਸ਼ੀਅਤ ਦੇ ਮਾਲਿਕ ਸਨ ਅਤੇ ਨਾਲ ਹੀ ਚੰਗੇ ਕਾਰੋਬਾਰੀ ਵੀ ਸਨ। ਉਨ੍ਹਾਂ ਦਾ ਜਨਮ 10-09-1963 ਨੂੰ ਜਲੰਧਰ ਵਿਖੇ ਹੋਇਆ ਸੀ। ਆਪਣੀ ਵਿਦਿਆ ਪੂਰੀ ਕਰਨ ਉਪਰੰਤ ਆਪ ਜੀ ਪਿੰਡ ਸੰਧੋਲੀ, ਬੱਦੀ, ਤਹਿਸੀਲ-ਨਾਲਾਗੜ੍ਹ ਵਿੱਚ ਵਸ ਗਏ ਸਨ। ਆਪ ਜੀ ਧਰਮ ਪਤਨੀ ਸ਼੍ਰੀਮਤੀ ਸ਼ਾਰਧਾ ਅਤੇ ਦੋ ਪੁੱਤਰੀਆਂ ਭਾਵਿਕਾ ਸਿੰਘ, ਨਿਹਾਰਿਕਾ ਸਿੰਘ ਅਤੇ ਇੱਕ ਲੜਕਾ ਕਨਿਸ਼ਕ ਸਿੰਘ ਹੈ। ਆਪ ਜੀ ਦੀ ਇੱਕ ਬੇਟੀ ਦੀ ਸ਼ਾਦੀ ਹੋ ਚੁੱਕੀ ਹੈ ਜੋ ਵਿਦੇਸ਼ ਵਿਚ ਰਹਿ ਰਹੀ ਹੈ ਅਤੇ ਛੋਟੀ ਬੇਟੀ ਆਪਣੀ ਪੜ੍ਹਾਈ ਪੂਰੀ ਕਰ ਰਹੀ ਹੈ। ਬੇਟਾ ਕਨਿਸ਼ਕ ਬੜਾ ਹੋਣਹਾਰ ਅਤੇ ਕਾਨੂੰਨ ਦੀ ਪੜ੍ਹਾਈ ਕਰ ਰਿਹਾ ਹੈ। ਆਪ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨਾਲ 2007 ਤੋਂ ਜੁੜੇ ਹੋਏ ਸਨ ਅਤੇ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਤੇ ਕਈ ਸਾਲ ਤੋਂ ਸੇਵਾ ਕਰ ਰਹੇ ਸਨ। ਆਪ ਜੀ ਲੁਬਾਣਾ ਕਲਿਆਣ ਬੋਰਡ ਧਰਮਸ਼ਾਲਾ ਦੇ ਮੈਂਬਰ ਵੀ ਸਨ। ਆਪ ਜੀ ਚੌਧਰੀ ਲੱਜਾ ਰਾਮ ਸਾਬਕਾ ਐਮ.ਐਲ.ਏ. ਦੇ ਪਰਿਵਾਰ ਨਾਲ ਸਬੰਧਿਤ ਸਨ। ਆਪ ਜੀ ਦੀ ਅੰਤਿਮ ਅਰਦਾਸ ਦੇ ਮੌਕੇ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ, ਸ. ਗੁਲਸ਼ਨ ਕੁਮਾਰ ਸਿੰਘ ਮੀਤ ਪ੍ਰਧਾਨ, ਸ. ਨਿਰਮਲ ਸਿੰਘ ਸਕੱਤਰ ਮੈਂਟੇਨੈਂਸ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਏ। ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੇ ਮੈਨੇਜਮੈਂਟ ਅਤੇ ਸਾਰੇ ਮੈਂਬਰਾਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਅਤੇ ਅਰਦਾਸ ਕੀਤੀ ਕਿ ਪ੍ਰਮਾਤਮਾ ਹਰਿੰਦਰਪਾਲ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

ਕਹਾਣੀ

# ਪਾਣੀ ਪਿਤਾ

ਮਹਿੰਦਰ ਰਿਸ਼ਮ

ਪਹਿਲੇ ਦਿਨ ਜਦ ਉਹ ਦੋਹਾਂ ਬੱਚਿਆਂ ਨਾਲ ਇਹ ਘਰ ਵੇਖਣ ਆਈ ਤਾਂ ਐਡਾ ਵੱਡਾ ਖੁੱਲ੍ਹਾ-ਖੁੱਲਾਣ ਘਰ ਵੇਖ ਬੜੀ ਖੁਸ਼ ਹੋਈ। ਚੰਗੀ ਰੌਣਕੀਲੀ ਸੜਕ ਉੱਤੇ ਘਰ ਦੇ ਬਾਹਰਲੇ ਵੱਡੇ ਗੇਟ ਤੋਂ ਅੰਦਰ ਵੜਦਿਆਂ ਹੀ ਸੱਜੇ ਪਾਸੇ ਇਕ ਨਿੱਕਾ ਗੇਟ। ਉਸ ਦਿਨ ਇਹ ਗੇਟ ਖੁੱਲ੍ਹਾ ਹੋਇਆ ਸੀ। ਅੱਗੇ ਨਿੱਕੇ ਜਿਹੇ ਬਰਾਂਡੇ ਦੇ ਸਾਹਮਣੇ ਥੋੜੀ ਜਿਹੀ ਥਾਂ ਕੱਚੀ ਵੀ ਸੀ। ਜ਼ਰੂਰ ਇਹ ਬਾਗਬਾਨੀ ਲਈ ਹੋਵੇਗੀ। ਇਹ ਵੇਲੇ ਤਾਂ ਗੋਡੇ-ਗੋਡੇ ਘਾਹ ਸੀ। ਤਿੰਨ ਬੈੱਡ-ਰੂਮ ਵਾਲੇ ਘਰ ਦੇ ਕਮਰਿਆਂ ਵਿੱਚੋਂ ਲੰਘ ਜਦ ਉਹ ਪਿਛਲੇ ਵਿਹੜੇ ਵਿੱਚ ਪਹੁੰਚੇ ਤਾਂ ਵਿਹੜੇ ਦੇ ਇਕ ਕੋਨੇ ਵਿੱਚ ਨਲਕਾ ਲਗਿਆ ਵੇਖ ਸਾਰਿਆਂ ਨਾਲ ਉਹਨੂੰ ਵੀ ਅਚੰਭੇ ਭਰੀ ਗੁਝੀ ਜਿਹੀ ਖੁਸ਼ੀ ਹੋਈ।

"ਆਹਾ... ਆ ਮੰਮਾ ਇਥੇ ਨਲਕਾ ਵੀ ਲਗਾ ਹੋਇਆ ਏ...।" ...! ਦੋਵੇਂ ਬੇਟੇ ਹੈਰਾਨੀ ਨਾਲ ਚਹਿਕਦਿਆਂ ਬੋਲੇ ਸਨ।

ਜਵਾਨ ਬੱਚਿਆਂ ਦੀ ਖੁਸ਼ੀ ਭਰੀ ਕਿਲਕਾਰੀ ਦੇ ਜਵਾਬ ਵਿੱਚ ਉਹ ਨਿਮਾ ਜਿਹਾ ਮੁਸਕਰਾ ਪਈ ਸੀ। ਅੱਜ-ਕੱਲ੍ਹ ਸ਼ਹਿਰਾਂ ਵਿੱਚ ਨਲਕੇ!

ਨਲਕੇ ਦੀ ਹੱਥੀਂ ਨਹੀਂ ਸੀ ਲਗੀ ਹੋਈ। ਸਾਹਮਣੀ ਲੰਬੀ ਕੰਧ ਦੇ ਨਾਲ-ਨਾਲ ਫੁਟ-ਡੇਢ ਕੁ ਫੁੱਟ ਜਗ੍ਹਾ ਕੱਚੀ ਛੱਡ ਬਾਕੀ ਸਾਰਾ ਵਿਹੜਾ ਸੀਮਿੰਟਡ ਸੀ। ਇਕ ਇੱਟ ਦੀ ਬੰਨੀ ਨਾਲ ਬਾਕੀ ਵਿਹੜੇ ਨੂੰ ਨਿਖੇੜਦਾ ਹੋਇਆ ਨਲਕੇ ਦੇ ਚਾਰੇ ਪਾਸੇ ਤਿੰਨ-ਕੁ ਫੁੱਟ ਦਾ ਖੁਰ੍ਹਾ, ਨਲਕੇ ਦੀ ਉਜੜ ਗਈ ਰਿਆਸਤ ਦਾ ਭਰਮ ਦੇ ਰਿਹਾ ਸੀ।

ਸਰਕਾਰੀ ਨੌਕਰੀ ਕਰਦੇ ਬੇਟੇ ਦੀ ਇਸ ਸ਼ਹਿਰ ਵਿੱਚ ਬਦਲੀ ਹੋਣ ਕਰ ਕੇ ਉਨ੍ਹਾਂ ਨੂੰ ਇਥੇ ਆਉਣਾ ਪਿਆ ਸੀ। ਇਹ ਸਰਕਾਰੀ ਰਿਹਾਇਸ਼ ਸੀ।

ਸਵੇਰੇ ਵੱਡੇ ਬੇਟੇ ਦੇ ਨੌਕਰੀ 'ਤੇ ਅਤੇ ਛੋਟੇ ਦੇ ਪੜ੍ਹਨ ਜਾਣ ਤੋਂ ਬਾਅਦ ਉਹ ਸਾਰਾ ਦਿਨ ਘਰ ਵਿੱਚ ਇਕੱਲੀ ਹੁੰਦੀ। ਉਸ ਦੀ ਇਹ ਆਦਤ ਹੀ ਬਣ ਗਈ ਸੀ ਕਿ ਕੰਮ ਕਰਦਿਆਂ ਅਤੇ ਕੰਮ ਤੋਂ ਵਿਹਲੀ ਹੋ ਕੇ ਵੀ ਉਹ ਪਿੱਛਲੇ ਵਿਹੜੇ ਵਿੱਚ ਕਈ ਚੱਕਰ ਲਾਉਂਦੀ ਰਹਿੰਦੀ।

ਅਕਸਰ ਉਹ ਖੁਰ੍ਹੇ ਵਿੱਚ ਜਾ ਖੜ੍ਹਦੀ, ਕਦੀ ਖੁਰ੍ਹੇ ਵਿੱਚ ਚੌਕੀ ਡਾਹ ਕੇ ਇੰਝ ਬਹਿੰਦੀ ਜਿਵੇਂ ਹੁਣੇ ਨਲਕਾ ਗੇੜ ਕੇ ਨਲਕੇ ਥੱਲੇ ਭਾਂਡੇ ਜਾਂ ਸਾਗ-ਸਬਜ਼ੀ ਧੋਵੇਗੀ। ਪਰ ਉਸ ਦਾ ਹੱਥ ਕਦੀ ਵੀ ਨਲਕਾ ਚਲਾਉਣ ਲਈ ਨਹੀਂ ਵਧਿਆ ਸੀ। ਹੱਥੀ ਹੀ ਨਹੀਂ ਸੀ ਤਾਂ ਹੱਥ ਨੇ ਵੀ ਓਧਰ ਕਿਉਂ ਜਾਣਾ ਸੀ। ਹਾਂ ਕਈ ਵਾਰੀ ਖੜ੍ਹੀ-ਖੜ੍ਹੀ ਉਹ ਨਲਕੇ ਦੇ ਪਾਈਪ 'ਤੇ ਹੱਥ ਫੇਰਦਿਆਂ ਨਲਕੇ ਦੇ ਮੂੰਹ 'ਤੇ ਹੱਥ ਰੱਖ ਕਿਤੇ ਦੀ ਕਿਤੇ ਗੁੰਮ ਹੋ ਜਾਂਦੀ। ਲੋਹੇ ਦੇ ਇਸ ਪਾਈਪ ਨੂੰ ਪਲੋਸਦਿਆਂ ਉਸ ਨੂੰ ਜਾਪਦਾ ਜਿਵੇਂ ਹੁਣ ਵੀ ਇਸ ਵਿੱਚੋਂ ਠੰਡੇ ਪਾਣੀ ਦਾ ਫੁਹਾਰਾ ਨਿਕਲੇਗਾ। ਘੜੀ-ਘੜੀ ਨਲਕੇ ਦੁਆਲੇ ਫਿਰਨ ਕਰਕੇ ਕਈ ਵਾਰੀ ਉਹ ਆਪਣੇ-ਆਪ ਤੇ ਹੱਸ ਪੈਂਦੀ। ਪਰ ਫਿਰ ਆਪੇ ਦਲੀਲ ਦੇਂਦੀ-'ਜੇ ਇਹ ਨਲਕਾ ਚਲਦਾ ਹੁੰਦਾ ਤਾਂ ਵੀ ਤੇ ਦਿਨ ਵਿੱਚ ਸੌ ਵਾਰੀ ਇਸ ਕੋਲ ਆਉਣਾ ਸੀ। ਤਦ ਤਾਂ ਸਾਰਿਆਂ ਨੇ ਦਿਨ-ਰਾਤ ਕਈ ਕਈ ਵਾਰ ਆ-ਆ ਕੇ ਇਸ ਦੇ ਮੱਥੇ ਲੱਗਣਾ ਸੀ।'

ਉਸ ਕਈ ਵਾਰੀ ਸੋਚਿਆ ਸੀ ਕਿ ਬੱਚਿਆਂ ਨੂੰ ਆਖ ਕੇ ਕਿਸੇ ਨੂੰ ਬੁਲਾ ਨਲਕੇ ਦੀ ਹੱਥੀ ਲਗਵਾ ਲਵੇ। ਪਰ ਉਹ ਜਾਣਦੀ ਸੀ ਬੱਚੇ ਉਸ 'ਤੇ ਹੱਸਣਗੇ- ਘਰ ਵਿੱਚ ਵੀਹ ਟੂਟੀਆਂ ਲਗੀਆਂ ਹੋਣ ਤੇ ਵੀ ਨਲਕਾ...? ਹੁੰਅ ਮੰਮਾਂ ਤਾਂ ਪਤਾ ਨਹੀਂ ਕਿਹੜੀ ਦੁਨੀਆ ਵਿੱਚ ਰਹਿੰਦੀ ਹੈ। ਉਸ ਨੂੰ ਚੇਤੇ ਨਹੀਂ ਸੀ ਕਿ ਪਹਿਲੇ ਦਿਨ ਤੋਂ ਬਾਅਦ ਬੱਚੇ ਕਦੀ ਨਲਕੇ ਕੋਲ ਆ ਕੇ ਇਕ ਵਾਰ ਵੀ ਖੜ੍ਹੇ ਹੋਏ ਹੋਣ। ਉਨ੍ਹਾਂ ਕਦੀ ਵੇਖਿਆ ਵੀ ਹੋਏ ਕਿ ਇਸ ਦਾ ਕਿਹੜਾ ਅੰਗ ਭੰਗ ਹੋਇਆ ਪਿਆ ਹੈ। ਢਲੀ ਸ਼ਾਮ ਘਰ ਵਾਪਸ ਆ ਕੇ ਉਨ੍ਹਾਂ ਕੋਲ ਤਾਂ ਇਸ ਵਿਹੜੇ ਵਿੱਚ ਆਉਣ ਦਾ ਵਕਤ ਈ ਨਹੀਂ ਹੁੰਦਾ। ਉਸ ਨੂੰ ਕਈ ਵਾਰੀ ਜਾਪਦਾ ਇਹ ਪਿਛਲਾ ਵਿਹੜਾ ਸਿਰਫ਼ ਉਸ ਦਾ ਦਿਲ ਪਰਚਾਉਣ ਲਈ ਹੀ ਹੈ। ਵਰਨਾ ਘਰ ਦੇ ਬਾਕੀਆਂ ਨੂੰ ਇਸ ਵਿਹੜੇ ਦੀ ਨਾ ਕੋਈ ਖਿੱਚ ਸੀ ਨਾ ਹੀ ਕੋਈ ਲੋੜ। ਸਾਰਾ ਦਿਨ ਘਰ ਤੋਂ ਬਾਹਰ ਅਤੇ ਰਾਤ ਕਮਰਿਆਂ ਵਿੱਚ ਬੰਦ। ਜਦ ਵੀ ਨਲਕੇ ਕੋਲ ਆਉਂਦੀ, ਉਸ ਨੂੰ ਅਹਿਸਾਸ ਹੁੰਦਾ ਕਿ ਕਦੀ ਇਹ ਨਲਕਾ ਇਸ ਘਰ ਦਾ ਅਹਿਮ ਜੀਅ ਰਿਹਾ ਹੋਣਾ। ਕਹਿੰਦੇ ਨੇ ਪਾਣੀਆਂ ਦੇ ਕੰਢਿਆਂ ਤੇ ਹੀ ਬਸਤੀਆਂ ਵਸਾਈਆਂ ਜਾਂਦੀਆਂ ਸਨ। ਮਾਂ ਕਹਿੰਦੀ ਹੁੰਦੀ ਸੀ - ਜਿਸ ਘਰ ਵਿੱਚ ਵਸੇਬਾ ਕਰਨਾ ਹੋਵੇ ਉਸ ਘਰ ਵਿੱਚ ਸਭ ਤੋਂ ਪਹਿਲਾਂ ਪਾਣੀ ਦਾ ਭਰਿਆ ਘੜਾ ਲੈ ਕੇ ਜਾਈਦਾ ਹੁੰਦਾ ਹੈ। ਕੁੰਭ...। ਘਰ ਵਿੱਚ ਬਾਕੀ ਸਮਾਨ ਕੁੰਭ ਤੋਂ ਬਾਅਦ ਲੈ ਕੇ ਜਾਈਦਾ। ਇਹ ਨਲਕਾ ਵੀ ਬੜੀ ਰੀਝ ਨਾਲ ਲਗਵਾਇਆ ਗਿਆ ਹੋਣਾ ਹੈ। ਪਰ ਵਕਤ ਨੇ ਇਸ ਨੂੰ ਬੇਲੋੜਾ ਹੀ ਕਰ ਦਿੱਤਾ ਹੈ... ਬਿਲਕੁਲ ਜਿਵੇਂ ਤੀਜੀ-ਚੌਥੀ ਪੀੜ੍ਹੀ ਲਈ ਘਰ ਦਾ ਬਿਰਧ-ਬਿਮਾਰ ਬਜ਼ੁਰਗ।

ਜਦ ਤਾਕਤ ਤਬਦੀਲ ਹੋ ਕੇ ਨਵਿਆਂ ਕੋਲ ਜਾਂਦੀ ਹੈ ਤਾਂ ਪੁਰਾਣੇ ਬੇਕਾਰ ਹੋ ਜਾਂਦੇ ਹਨ। ਨਵੀਆਂ ਕਾਢਾਂ ਦੀ ਵਰਤੋਂ, ਪੁਰਾਣੀਆਂ ਚੀਜ਼ਾਂ ਦੀ ਲੋੜ ਮੁਕਾ ਦਿੰਦੀ ਹੈ। ਆਖ਼ਰ ਇਹ ਨਲਕਾ ਵੀ ਤਾਂ ਕਦੀ ਇਸ ਘਰ ਲਈ ਖ਼ਾਸ ਰਿਹਾ ਹੋਣਾ ਹੈ। ਇਸ ਨੇ ਵੀ ਕਈਆਂ ਦੀ ਤ੍ਰੇਹ ਬੁਝਾਈ ਹੋਣੀ ਹੈ, ਕਈਆਂ ਦੀ ਮੈਲ ਧੋਤੀ ਹੋਣੀ ਹੈ... ਗਰਮੀ ਵਿੱਚ ਲੂੰਹਦਿਆਂ ਕਈ ਸਰੀਰਾਂ ਨੂੰ ਠੰਡ ਪਾਈ ਹੋਣੀ ਹੈ। 'ਪਾਣੀ ਪਿਤਾ...।' ਪਿਤਾ ਵਾਂਗ ਇਹ ਵੀ ਕਈਆਂ ਦਾ ਪਾਲਣਹਾਰਾ ਰਿਹਾ ਹੋਣਾ ਹੈ। ਪਰ ਨਵੀਂ ਤਕਨੀਕ ਦੇ ਆਉਂਦੀਆਂ ਹੀ ਇਹ ਕੋਨੇ ਦਾ ਬੁੱਢਾ ਖੁੰਢ ਬਣ ਗਿਆ ਹੈ। ਉਸ ਨੂੰ ਬਾਰ-ਬਾਰ ਜਾਪਦਾ ਹੈ ਇਹ ਲੋਹੇ ਦਾ ਨਲਕਾ ਨਹੀਂ ਇਹ ਕੋਈ ਜਿਉਂਦਾ-ਜਾਗਦਾ ਇਨਸਾਨ ਹੈ।

ਇਸ ਨਲਕੇ ਨੂੰ ਵੇਖ ਕੇ ਅਕਸਰ ਉਸ ਨੂੰ ਆਪਣੇ ਪਿੰਡ ਦੀ ਯਾਦ

ਆਉਂਦੀ। ਜਿਸ ਪਿੰਡ ਉਸ ਦਾ ਜਨਮ ਹੋਇਆ ਸੀ। ਜਿਥੇ ਉਸ ਦਾ ਬਚਪਨ ਬੀਤਿਆ ਸੀ। ਸੋਚਦਿਆਂ-ਸੋਚਦਿਆਂ ਉਸਦੀਆਂ ਅੱਖਾਂ ਅੱਗੇ ਕਈ ਨਜ਼ਾਰੇ ਘੁੰਮ ਜਾਂਦੇ।

...

ਸ਼ਾਮ ਦਾ ਵੇਲਾ, ਪੰਦਰਾਂ-ਸੌਲਹਾਂ ਸਾਲਾਂ ਦੀ ਵੱਡੀ ਭੈਣ, ਸਿਰ ਤੇ ਇਕ ਹੱਥ ਨਾਲ ਪਾਣੀ ਦਾ ਘੜਾ ਠੰਮਿਆ ਅਤੇ ਦੂਜੇ ਹੱਥ ਵਿੱਚ ਛਲਕ-ਛਲਕ ਕੇ ਡੁਲਦੇ ਪਾਣੀ ਦੀ ਵੱਡੀ ਬਾਲਟੀ ਚੁਕੀ ਨੰਗੇ ਪੈਰੀਂ ਖੂਹ ਤੋਂ ਘਰ ਵੱਲ ਹੌਲੀ-ਹੌਲੀ ਤੁਰਦੀ ਆਉਂਦੀ ਦਿਸ ਰਹੀ ਸੀ। ਮਾਂ ਲੱਜ ਨਾਲ ਖੂਹ ਵਿੱਚੋਂ ਪਾਣੀ ਖਿੱਚ-ਖਿੱਚ ਕੇ ਬਾਲਟੀਆਂ ਤੇ ਘੜੇ ਭਰ ਰਹੇ ਸਨ। ਦੂਜੇ ਭੈਣ-ਭਰਾਵਾਂ ਦੇ ਨਾਲ ਉਹ ਆਪ ਵੀ ਨਿੱਕੀਆਂ-ਨਿੱਕੀਆਂ ਬਾਲਟੀਆਂ, ਜਿੰਨੀਆਂ ਕੁ ਉਹ ਚੁੱਕ ਸਕਦੇ ਸਨ, ਹੱਥਾਂ ਵਿੱਚ ਲਟਕਾਈ ਖੂਹ ਤੋਂ ਘਰ ਤਕ ਕਈ ਚੱਕਰ ਲਾਉਂਦੇ।

ਉਨ੍ਹਾਂ ਦਾ ਘਰ ਗਲੀ ਵਿੱਚ ਸਭ ਤੋਂ ਅਖ਼ੀਰਲਾ ਸੀ। ਉਹਦੇ ਘਰ ਤੋਂ ਖੱਬੇ ਪਾਸੇ ਅੱਠ-ਦਸ ਘਰ ਛੱਡ ਕੇ ਉਹਦਾ ਨਾਨਕਾ ਘਰ ਤੇ ਨਾਨਕੇ ਘਰ ਤੋਂ ਵੀ ਅੱਠ-ਦਸ ਘਰ ਅਗੇ ਯਾਨੀ ਗਲੀ ਦੇ ਦੂਜੇ ਕੋਨੇ 'ਚ ਖੂਹ।

ਘਰ ਤੋਂ ਖੂਹ ਕਿੰਨੀ ਜ਼ਿਆਦਾ ਦੂਰ ਸੀ। ਐਡੇ ਵੱਡੇ ਟੱਬਰ ਦੇ ਖਾਣ-ਪਕਾਣ ਲਈ ਹੀ ਪਾਣੀ ਕਿਹੜਾ ਥੋੜ੍ਹਾ ਚਾਹੀਦਾ ਹੁੰਦਾ ਸੀ। ਨਹਾਣਾ-ਧੋਣਾ ਵੱਖ। ਉਹਦੇ ਪਿਤਾ ਜੀ ਕਦੇ ਵੀ ਖੂਹ ਤੇ ਨਹੀਂ ਜਾਂਦੇ ਸਨ। ਨਾ ਪਾਣੀ ਲਿਆਉਣ ਲਈ ਨਾ ਹੀ ਆਪ ਨਹਾਉਣ ਲਈ। ਜਦ ਕਿ ਮਹੱਲੇ ਦੇ ਹੋਰ ਸਾਰੇ ਮਰਦ ਮੂੰਹ ਹਨੇਰੇ ਖੂਹ ਤੇ ਹੀ ਨਹਾਉਂਦੇ ਤੇ ਦੋਹਾਂ ਹੱਥਾਂ ਵਿੱਚ ਇਕ-ਇਕ ਬਾਲਟੀ ਪਾਣੀ ਵੀ ਲੈ ਆਉਂਦੇ ਸਨ।

ਨਜ਼ਾਰਾ ਬਦਲਦਾ ਹੈ...

ਉਹਦੇ ਨਾਨਕੇ ਘਰ ਵਿੱਚ ਨਲਕਾ ਲੱਗ ਗਿਆ ਸੀ। ਹੁਣ ਸੌਖਾ ਸੀ। ਪਾਣੀ ਭਰ ਕੇ ਲਿਆਉਣ ਦਾ ਉਹਦੇ ਘਰ ਤਕ ਰਾਹ ਅੱਧਾ ਰਹਿ ਗਿਆ ਸੀ। ਨਾਲੇ ਹੁਣ ਮਾਂ ਖੂਹ ਵਿੱਚੋਂ ਪਾਣੀ ਖਿੱਚ-ਖਿੱਚ ਕੇ ਕਮਰ ਦੋਹਰੀ ਨਹੀਂ ਕਰਦੀ ਸੀ ਸਗੋਂ ਇਹ ਭੈਣ-ਭਰਾ ਆਪੇ ਨਲਕਾ ਗੇੜ ਕੇ ਪਾਣੀ ਭਰ ਲਿਆਉਂਦੇ। ਸਿਰਫ਼ ਸ਼ਾਮੀ ਹੀ ਨਹੀਂ, ਦਿਨੇ ਕਿਸੇ ਵੇਲੇ ਵੀ। ਕਈ ਵਾਰੀ ਨਾਨਕੇ ਘਰ ਨਲਕੇ ਥੱਲੇ ਹੀ ਨਹਾ ਵੀ ਲੈਂਦੇ।

ਇਕ ਸ਼ਾਮ ਅਚਾਨਕ ਪਿਤਾ ਜੀ ਬਜ਼ਾਰੋਂ ਮੁੜਦੇ ਹੋਏ ਮੋਢੇ 'ਤੇ ਨਵੀਂ ਲੱਜ ਰੱਖੀ ਆਉਂਦੇ ਦਿਸੇ। ਪਿਤਾ ਜੀ ਨੇ ਲੱਜ ਲਿਆ ਕੇ ਵਿਹੜੇ ਵਿੱਚ ਇਕ ਪਾਸੇ ਵਲ ਜ਼ੋਰ ਨਾਲ ਜ਼ਮੀਨ ਤੇ ਵਗਾਹ ਕੇ ਸੁੱਟੀ ਅਤੇ ਮਾਂ ਨੂੰ ਅੱਖਾਂ ਕੱਢਦਿਆਂ ਗੁਸੈਲੀ ਆਵਾਜ਼ ਵਿੱਚ ਪਤਾ ਨਹੀਂ ਕੀ ਕੁੱਝ ਆਖਿਆ। ਮਾਂ ਦੇ ਚਿਹਰੇ 'ਤੇ ਉਹੀ ਸਹਿਮ ਸੀ ਜਿਹੜਾ ਉਹਦੇ ਮਾਮਿਆਂ (ਮਾਂ ਦੇ ਭਰਾਵਾਂ) ਨਾਲ ਪਿਤਾ ਜੀ ਦੀ ਹੋਈ ਕਿਸੇ ਤਲਖ਼-ਕਲਾਮੀ ਤੋਂ ਬਾਅਦ ਅਕਸਰ ਮਾਂ ਦੇ ਚਿਹਰੇ ਤੇ ਪਸਰ ਜਾਂਦਾ ਸੀ। ਪਿਤਾ ਜੀ ਵੱਲੋਂ ਪੁਰਾਣੀ ਲੱਜ ਲੱਭਣ ਦਾ ਝੰਜਟ ਮੁਕਾਉਂਦਿਆਂ, ਘਰ ਵਿੱਚ ਲਿਆਈ ਇਹ ਨਵੀਂ ਲੱਜ, ਜ਼ਰੂਰ ਕਿਸੇ ਬਿਖੇੜੇ ਦਾ ਨਤੀਜਾ ਸੀ।

ਥੋੜ੍ਹੇ ਚਿਰ ਨੂੰ ਹੀ ਪਾਣੀ ਦੀ ਬਾਲਟੀ ਚੁਕੀ ਘਰ ਅੰਦਰ ਵੜਦੀ ਉਹਦੀ ਵੱਡੀ ਭੈਣ ਦਿਸੀ। ਉਸ ਦੇ ਹੱਥੋਂ ਬਾਲਟੀ ਖੋਹ ਕੇ ਪਾਣੀ ਦੂਰ ਕੱਚੇ ਵਿਹੜੇ ਵਲ ਡੋਹਲਣ ਤੋਂ ਬਾਅਦ ਪਿਤਾ ਜੀ ਦਾ ਕਾੜ ਕਰਦਾ ਝਨ੍ਹਾਟੇਦਾਰ ਥੱਪੜ ਹੈਰਾਨ ਖੜ੍ਹੀ ਭੈਣ ਦੇ ਮੂੰਹ 'ਤੇ ਪਿਆ ਸੀ। ਪਿਤਾ ਜੀ ਦੇ ਗੁੱਸੇ ਭਰੇ ਬੋਲ ਸਾਰੇ ਘਰ ਵਿੱਚ ਗੂੰਜ ਗਏ, "ਇਹ ਲੱਜ ਨਹੀਂ ਦਿਸੀ ਤੈਨੂੰ...? ਅਗੋਂ ਤੋਂ ਖੂਹ ਤੋਂ ਪਾਣੀ ਲਿਆਉਣਾ ਏ... ਖ਼ਬਰਦਾਰ ਜੇ ਕੋਈ 'ਪਰ੍ਹੇ' ਨਲਕੇ ਵਲ ਗਿਆ ਤਾਂ..."

ਇਸ ਘਟਨਾ ਤੋਂ ਕੁਝ ਮਹੀਨਿਆਂ ਬਾਅਦ ਹੀ ਇਕ ਦਿਨ ਵਿਹੜੇ ਵਿੱਚ ਉਸੇ ਜਗ੍ਹਾ ਤੇ ਦੋ ਮਜ਼ਦੂਰ ਬੋਰ ਕਰ ਰਹੇ ਸਨ ਜਿਥੇ ਪਿਤਾ ਜੀ ਨੇ ਲਜ ਵਗਾਹ ਮਾਰੀ ਸੀ। ਵਿਹੜੇ ਵਿੱਚ ਇਕ ਪਾਸੇ ਕਰਕੇ। ਸ਼ਾਮ ਨੂੰ ਨਲਕੇ ਲਈ ਲੋਹੇ ਦੇ ਲੰਮੇ ਪਾਈਪ, ਹੱਥੀ ਅਤੇ ਬਾਕੀ ਸਾਮਾਨ ਲਦੇ ਰੇੜ੍ਹੇ ਦੇ ਪਿਛੇ-ਪਿਛੇ ਪਿਤਾ ਜੀ ਹੱਸਦੇ-ਹੱਸਦੇ ਘਰ ਵੜੇ ਸਨ। ਉਸ ਸ਼ਾਮ ਵਿਹੜੇ ਵਿੱਚ ਪਏ ਨਲਕੇ ਦੇ ਸਮਾਨ ਦੇ ਆਸੇ-ਪਾਸੇ ਫਿਰਦੇ ਪਿਤਾ ਜੀ ਹੋਰ ਜ਼ਿਆਦਾ ਖ਼ੁਦਦਾਰ ਤੇ ਕੱਦਾਵਰ ਲੱਗ ਰਹੇ ਸਨ। ਉਨ੍ਹਾਂ ਭੈਣ-ਭਰਾਵਾਂ ਨੂੰ ਪਿਤਾ ਜੀ ਤੇ ਅੱਜ ਬੜਾ ਮੋਹ ਆ ਰਿਹਾ ਸੀ। ਜਿਵੇਂ ਉਨ੍ਹਾਂ ਲਈ ਪਿਤਾ ਜੀ ਇਹ ਸੌਗਾਤ ਖਰੀਦ ਕੇ ਲਿਆਏ ਹੋਣ। ਮਾਣ ਨਾਲ ਉਹ ਗਈ ਸ਼ਾਮ ਤੱਕ ਗਲੀ ਦੀਆਂ ਆਪਣੀਆਂ ਸਹੇਲੀਆਂ ਨੂੰ ਦਸਦੀ ਰਹੀ ਸੀ ਕਿ ਬਸ ਦੋ-ਚਾਰ ਦਿਨਾਂ ਬਾਅਦ ਉਨ੍ਹਾਂ ਨੂੰ ਖੂਹ ਤੇ ਪਾਣੀ ਭਰਣ ਨਹੀਂ ਜਾਣਾ ਪੈਣਾ। ਉਹ ਭੈਣ-ਭਰਾ ਐਨੇ ਖੁਸ਼ ਸਨ ਕਿ ਉਨ੍ਹਾਂ ਨੂੰ ਮਾਂ ਦੇ ਚਿਹਰੇ 'ਤੇ ਕਈ ਮਹੀਨਿਆਂ ਤੋਂ ਖਿਲਰਿਆ ਸਹਿਮ ਵਿਸਰ ਗਿਆ ਸੀ।

ਹੁਣ ਪਾਣੀ ਭਰ ਕੇ ਲਿਆਉਣ ਦੀ ਮੁਸੀਬਤ ਖ਼ਤਮ। ਨਲਕਾ ਜਿਵੇਂ ਕਿ ਵਿਹੜੇ ਦਾ ਗਹਿਣਾ ਹੀ ਹੋਵੇ। ਕਿੰਨਾ ਹੀ ਚਿਰ ਉਹਨੂੰ ਤੇ ਉਸ ਦੇ ਭੈਣ-ਭਰਾਵਾਂ ਨੂੰ ਨਲਕੇ ਦੇ ਮੂੰਹ 'ਚੋਂ ਗੜ-ਗੜ ਦੀ ਆਵਾਜ਼ ਨਾਲ ਡਿੱਗਦਾ ਸਾਫ਼-ਸ਼ਫਾਫ਼ ਪਾਣੀ ਵੇਖ ਪਿਤਾ ਜੀ ਦੇ ਖਿੜਖਿੜਾ ਕੇ ਉੱਚੇ ਹਾਸੇ ਵਰਗੀ ਆਵਾਜ਼ ਦਾ ਅਹਿਸਾਸ ਹੁੰਦਾ ਰਿਹਾ। ਜਾਪਦਾ ਜਿਵੇਂ ਪਿਤਾ ਜੀ ਘਰ ਵਿੱਚ ਨਲਕਾ ਨਹੀਂ ਸਗੋਂ ਕੋਈ ਨਵਾਂ ਜੀਅ ਲੈ ਆਏ ਹਨ ਜਿਹੜਾ ਹੱਸ-ਹੱਸ ਉਨ੍ਹਾਂ ਦੀ ਲੋੜ ਪੂਰੀ ਕਰਦਾ ਹੈ। ਨਲਕੇ ਨੂੰ ਚਲਾਉਣ 'ਤੇ ਜ਼ੋਰ ਤਾਂ ਲਾਉਣਾ ਪੈਂਦਾ ਸੀ, ਪਰ ਬਿਨਾਂ ਕਿਸੇ ਕਿਰਸ ਤੋਂ ਨਲਕੇ ਦੇ ਰੱਜਵੇਂ ਪਾਣੀ ਦਾ ਮਾਣ ਵੀ ਕੁਝ ਹੋਰ ਸੀ...। ਜਿਵੇਂ ਕਿ ਨਿੱਕੀ-ਨਿੱਕੀ ਗਲੋਂ ਗੁੱਸੇ ਨਾਲ ਲਾਲ-ਪੀਲੇ ਹੋ ਜਾਣ ਵਾਲੇ ਸੁਭਾਅ ਦੇ ਬਾਵਜੂਦ ਪਿਤਾ ਜੀ ਦੇ ਮੋਹ ਦਾ ਰੱਜਵਾਂ ਨਿੱਘ...।

ਉਸ ਇਕ ਲੰਮਾ ਸਾਹ ਛੱਡਦਿਆਂ ਸੋਚਿਆ, 'ਉਫ਼... ਇਹਤਾਂ ਚਾਲੀ ਸਾਲ ਪਹਿਲਾਂ ਦੀ ਗੱਲ ਹੈ...।' ਯਾਨੀ ਅੱਧੀ ਸਦੀ ਤੋਂ ਕੁੱਝ ਘੱਟ।

...

ਬੀਤੀ ਅੱਧੀ ਸਦੀ ਨੇ ਘਰ ਵਿਚਲੇ ਕਈ ਜੀਅ ਵਕਤੋਂ ਪਹਿਲਾਂ ਮੁਕਾ ਦਿੱਤੇ ਹਨ। ਉਹ ਸੋਚਦੀ ਜਦ ਪਾਣੀ ਭਰਨ ਦੀ ਮੁਸੀਬਤ ਸੀ, ਤਦ ਉਨ੍ਹਾਂ ਦਾ ਟੱਬਰ ਕਿੰਨਾ ਵੱਡਾ ਸੀ। ਅੱਜ ਜਦ ਕੋਈ ਮੁਸ਼ਕਿਲ ਨਹੀਂ ਤਾਂ ਟੱਬਰ ਪਤਾ ਨਹੀਂ ਕਿਵੇਂ ਐਡਾ ਨਿੱਕਾ ਰਹਿ ਗਿਆ ਹੈ। ਉਹ, ਉਸ ਦਾ ਇਕ ਭਰਾ... ਤੇ ਪਿਤਾ ਜੀ...! ਵਕਤ ਨੇ ਉਸ ਦੀਆਂ ਦੋ ਭੈਣਾਂ ਤੇ ਇਕ ਭਰਾ ਦੇ ਨਾਲ-ਨਾਲ ਮਾਂ ਨੂੰ ਵੀ ਤਾਰਿਆਂ ਵਿੱਚ ਤਬਦੀਲ ਕਰ ਦਿੱਤਾ ਸੀ। ਹੁਣ ਵੀ ਖ਼ਿਆਲਾਂ ਵਿੱਚ ਕਈ ਵਾਰੀ ਉਸ ਨੂੰ ਆਪਣੇ ਭਰੇ ਪੂਰੇ ਟੱਬਰ ਦੀ ਉਹੀ ਬਚਪਨ ਵਾਲੀ ਚਹਿਲ-ਪਹਿਲ ਸੁਣਾਈ ਦਿੰਦੀ ਸੀ। ਪਰ ਆਖ਼ਰ ਤਾਂ ਖ਼ਿਆਲਾਂ ਵਿੱਚੋਂ ਵਰਤਮਾਨ ਵਿੱਚ

ਮੁੜਨਾ ਹੀ ਪੈਂਦਾ ਏ।

ਕਦੀ ਉਹ ਸੋਚਦੀ ਇਹ ਤਾਂ ਫੇਰ ਵੀ ਬੇਜ਼ੁਬਾਨਾ ਨਲਕਾ ਹੈ। ਜਿਸ ਨੂੰ ਅੱਜ ਵੀ ਪਿਆਰ ਨਾਲ ਜਰਾ ਛੁਹ ਲਵੋ ਤਾਂ ਭਰ-ਭਰ ਨੀਰ ਡੋਲੇਗਾ। ਨਹੀਂ ਤਾਂ ਕਿਸੇ ਫ਼ਕੀਰ ਵਾਂਗ ਖੜ੍ਹਾ ਹੈ ਚੁੱਪ-ਚਾਪ। ...ਫ਼ਕੀਰ ਵਾਂਗ...!

ਪਿਤਾ ਜੀ ਵੀ ਤਾਂ ਕਿਸੇ ਫ਼ਕੀਰ ਵਾਂਗ ਹੀ ਜਾ ਬੈਠੇ ਹਨ, ਜਿਥੇ ਉਨ੍ਹਾਂ ਦਾ ਪੁੱਤਰ ਬਿਠਾ ਗਿਆ, ਸਾਲ ਪਹਿਲਾਂ...। ਸਾਰੀ ਉਮਰ ਜਿਸ ਪਿਤਾ ਨੂੰ ਪੂਰੇ ਰੋਅਬ, ਖ਼ੁਦਦਾਰੀ ਤੇ ਅੜੀ ਨਾਲ ਵਿਚਰਦਿਆਂ ਵੇਖਿਆ ਹੈ ਉਸੇ ਨੂੰ ਹੁਣ ਇੰਝ ਬੇਬਸ ਜਿਹਾ ਵੇਖਣਾ ਕਿੰਨਾ ਦੁੱਖਦਾਈ ਹੈ!

...

ਅੱਜ ਦੀਵਾਲੀ ਦਾ ਦਿਨ ਹੋਣ ਕਰਕੇ ਬੱਚੇ ਘਰ ਸਨ। ਸਾਰਾ ਦਿਨ ਕੰਮ ਹੀ ਮੁੱਕਣ ਨਹੀਂ ਸੀ ਆਇਆ ਤੇ ਫਿਰ ਦੋ-ਤਿੰਨ ਘੰਟੇ ਬਾਜ਼ਾਰ ਵੀ ਲੱਗ ਗਏ ਸਨ। ਤ੍ਰਿਕਾਲਾਂ ਪਈਆਂ ਤਾਂ ਬੱਚਿਆਂ ਨੇ ਦੀਵਿਆਂ ਵਾਲਾ ਕੰਮ ਸ਼ੁਰੂ ਕਰ ਲਿਆ ਸੀ। ਅਗਲੇ ਬਰਾਂਡੇ ਵਿੱਚ ਇਕੋ ਵਾਰੀ ਸਾਰੇ ਦੀਵਿਆਂ ਵਿੱਚ ਬੱਤੀਆਂ ਰੱਖ-ਰੱਖ ਤੇਲ ਭਰਦੇ ਗਏ। ਦੋਨਾਂ ਬੱਚਿਆਂ ਨੇ ਮਿਲ ਕੇ ਕੁੱਝ ਮਿੰਟਾਂ ਵਿੱਚ ਹੀ ਸਾਰੇ ਦੀਵੇ ਜਗਾਉਣ ਲਈ ਤਿਆਰ ਕਰ ਉਸ ਨੂੰ ਆਵਾਜ਼ ਦਿੱਤੀ ਸੀ - "ਮੰਮਾਂ ਆਉ ਦੀਵੇ ਜਗਾਉਣੇ ਸ਼ੁਰੂ ਕਰੀਏ।'

ਬੱਚੇ ਥਾਲੀਆਂ ਵਿੱਚ ਦੀਵੇ ਰਖੀਂ ਬਰਾਂਡੇ ਤੋਂ ਬਾਅਦ ਵੱਖ-ਵੱਖ ਕਮਰਿਆਂ ਵਿੱਚ ਜਾ ਕੇ ਥਾਉਂ-ਥਾਂਈ ਦੀਵੇ ਰੱਖ ਰਹੇ ਸਨ। ਉਸ ਦੇ ਹੱਥ ਵਿੱਚ ਵੀ ਜਗਦੇ ਦੀਵਿਆਂ ਦੀ ਭਰੀ ਥਾਲੀ ਸੀ। ਰਸੋਈ ਵਿੱਚ ਦੀਵੇ ਰੱਖ ਕੇ ਉਸ ਦੇ ਪੈਰ ਆਪ-ਮੁਹਾਰੇ ਪਿਛਲੇ ਵੇਹੜੇ ਵੱਲ ਤੁਰ ਪਏ ਸਨ। ਉਸ ਨੂੰ ਯਾਦ ਆਇਆ ਅੱਜ ਤਾਂ ਸਾਰਾ ਦਿਨ ਉਹ ਪਿਛਲੇ ਵਿਹੜੇ ਵਿੱਚ ਆ ਨਹੀਂ ਸਕੀ। ਉਸ ਨੂੰ ਜਾਪਿਆ ਜਿਵੇਂ ਅੱਜ ਗੁਰੂ ਪੀਰ ਦੀ ਜ਼ਿਆਰਤ ਕਰਨੀ ਰਹਿ ਗਈ ਹੋਵੇ। ਪਿਛਲੇ ਵਿਹੜੇ ਵਿੱਚ ਪੈਰ ਧਰਦਿਆਂ ਹੀ ਉਸ ਨੂੰ ਦੀਵਿਆਂ ਦੀ ਲੋਅ ਵਿੱਚ ਵਿਹੜੇ ਦੇ ਇਕ ਪਾਸੇ ਨਲਕਾ ਦਿਸਿਆ। ਜਿਉਂ ਹਨੇਰੀ ਰਾਤ ਵਿੱਚ ਕੋਈ ਦਰਵੇਸ਼ ਹੱਥ ਜੋੜੀ ਰੱਬ ਅੱਗੇ ਅਰਜੋਈ ਕਰ ਰਿਹਾ ਹੋਵੇ। ਨਲਕੇ ਦਾ ਅੱਗੇ ਵਲ ਹੱਥ ਕੁ ਲੰਬਾ ਮੂੰਹ ਜਿਸ ਦੀ ਗਰਦਨ ਥੱਲੇ ਵੱਲ ਝੁਕੀ ਹੋਈ ਸੀ, ਦਰਵੇਸ਼ ਦੇ ਦੋਵੇਂ ਹੱਥ ਜੁੜ ਕੇ ਇਕ ਹੋਣ ਦੀ ਅਵਸਥਾ ਵਿੱਚ ਹੋਣ ਦਾ ਭੁਲੇਖਾ ਦੇ ਰਹੇ ਸਨ।

ਉਹ ਹੌਲੀ-ਹੌਲੀ ਤੁਰਦੀ ਨਲਕੇ ਦੇ ਖੁਰ੍ਹੇ ਕੋਲ ਪਹੁੰਚੀ। ਖੁਰ੍ਹੇ ਵਿੱਚ ਨਲਕੇ ਦੇ ਕੋਲ ਚਾਰੇ ਪਾਸੇ ਦੀ ਬੰਨੀ 'ਤੇ ਦੀਵੇ ਟਿਕਾਉਂਦਿਆਂ ਉਸ ਦੇ ਅੱਥਰੂ ਡੁਲ ਪਏ ਸਨ - ਓਫ਼ ਰੱਬ ਜੀ, ਪਿਛਲੇ ਵਿਹੜੇ ਖੜ੍ਹਾ ਇਕ ਇਹ ਦਰਵੇਸ਼!... ਜਾਂ ਇਕ ਦਰਵੇਸ਼, ਦੂਰ ਇਕੱਲਾ ਕਿਤੇ ਝੂਰਦਾ, ਬੇਬਸ ਮੇਰਾ ਪਾਲਣਹਾਰਾ...!ਪਾਣੀ, ਪਿਤਾ!

ਦੀਵੇ ਰੱਖਦਿਆਂ ਉਸ ਨੂੰ ਮੁੜ-ਮੁੜ ਅਹਿਸਾਸ ਹੋ ਰਿਹਾ ਸੀ ਆਖ਼ਰ ਇਹ ਵੀ ਘਰ ਦੇ ਕਿਸੇ ਬਜ਼ੁਰਗ ਵਾਂਗ ਘਰ ਵਿੱਚ ਤੁਰਦੇ-ਫਿਰਦੇ ਲੋਕਾਂ ਦੇ ਕਦਮਾਂ ਦੀ ਆਹਟ (ਬਿੜਕ) ਤਾਂ ਸੁਣਦਾ ਹੀ ਹੋਵੇਗਾ। ਪਰਛਾਵਿਆਂ ਨੂੰ ਦੇਖਦਾ ਵੀ ਹੋਵੇਗਾ... ਜੀਆਂ ਨੂੰ ਉਡੀਕਦਾ ਵੀ ਹੋਵੇਗਾ...।

ਥਾਲੀ ਥੱਲੇ ਰੱਖ, ਦੀਵਿਆਂ ਦੀ ਲੋਅ ਵਿੱਚ ਉਹ ਨਲਕੇ ਕੋਲ ਕਿੰਨਾ ਚਿਰ ਖੜ੍ਹੀ ਰਹੀ ਸੀ। ਉਸ ਨਲਕੇ ਦੇ ਮੂੰਹ ਤੇ ਹੱਥ ਫੇਰਿਆ ਤੇ ਸੋਚਿਆ ਇਸ ਮੂੰਹ ਵਿੱਚੋਂ ਕਿੰਨਾ ਹੀ ਪਾਣੀ ਭਰ-ਭਰ ਬਾਹਰ ਉਛਲਿਆ ਹੋਣਾ ਹੈ। ਉਸ ਨੇ ਦੋਵੇਂ ਹੱਥ ਕਰੰਗੜੀ ਬਣਾ ਹੱਥੀ ਨੂੰ ਉਡੀਕਦੇ ਨਲਕੇ ਦੇ ਉਪਰਲੇ ਸਿਰੇ 'ਤੇ ਨਿਕਲੇ ਦੋ ਮੋਰਿਆਂ ਵਾਲੇ ਲੰਮੇ ਗਜ਼ 'ਤੇ ਟਿੱਕਾ ਲਏ। ਯਕੀਨਨ ਇਸ ਗਜ਼ ਦੇ ਧੁਰ ਥੱਲੇ ਬੋਕੀ ਅੱਜ ਵੀ ਉੱਤੇ ਆਉਣ ਨੂੰ ਤਾਂਘ ਰਹੀ ਹੋਵੇਗੀ। ਨਲਕੇ ਦੇ ਪਾਈਪ ਨੂੰ ਦੋਹਾਂ ਹੱਥਾਂ ਦੇ ਗੋਲ ਘੇਰੇ ਵਿੱਚ ਲੈ ਕੇ ਪਲੋਸਿਆ। ਫਿਸਲਦੇ ਹੋਏ ਉਸ ਦੇ ਹੱਥ ਹੌਲੀ-ਹੌਲੀ ਨਲਕੇ ਦੇ ਮੂੰਹ ਤੇ ਆ ਕੇ ਅਟਕ ਗਏ ਸਨ। ਨਲਕੇ ਦੇ ਮੂੰਹ ਤੇ ਹੱਥ ਰੱਖਿਆਂ ਉਸ ਅੱਜ ਵੀ ਪਾਣੀ ਦੀ ਸੀਤਲਤਾ ਮਹਿਸੂਸ ਕੀਤੀ।

ਅਚਾਨਕ ਉਸ ਨੂੰ ਯਾਦ ਆਇਆ-ਦੀਵਾਲੀ ਦੀ ਰਾਤ ਮਾਂ ਸਭ ਤੋਂ ਪਹਿਲਾਂ ਨਲਕੇ ਦੇ ਮੁੱਢ ਦੀਵਾ ਬਾਲਿਆ ਕਰਦੇ ਸਨ। ਨਲਕਾ ਲਗਣ ਤੋਂ ਪਹਿਲਾਂ ਉਹ ਘੜਵੰਝੀਆਂ 'ਤੇ ਰੱਖੇ ਘੜਿਆਂ ਕੋਲ ਦੀਵਾ ਬਾਲਿਆ ਕਰਦੇ ਸਨ। ਕਹਿੰਦੇ ਸਨ - ਪਹਿਲਾ ਦੀਵਾ ਪਾਣੀ ਦੇ ਕੰਢੇ ਬਾਲਣਾ ਚਾਹੀਦਾ ਹੈ। ਕਿਉਂਕਿ ਪਾਣੀ ਪਿਤਾ ਹੈ। ਸਭ ਦਾ ਪਾਲਨਹਾਰਾ।

ਮਾਂ ਹਮੇਸ਼ਾਂ ਕੋਰੇ ਘੜੇ ਵਿੱਚੋਂ ਪਾਣੀ ਦਾ ਗਿਲਾਸ ਸਭ ਤੋਂ ਪਹਿਲਾਂ ਘਰ ਦੇ ਮਰਦ ਨੂੰ ਯਾਨੀ ਪਿਤਾ ਜੀ ਨੂੰ ਦਿਆ ਕਰਦੇ ਸਨ।

ਉਸ ਨੂੰ ਮਹਿਸੂਸ ਹੋਇਆ ਜਿਵੇਂ ਕਿ ਉਸ ਨੇ ਦੋਹਾਂ ਹੱਥਾਂ ਵਿੱਚ ਨਲਕੇ ਦੇ ਪਾਈਪ ਨੂੰ ਨਹੀਂ, ਸਗੋਂ ਆਪਣੇ ਬਿਰਧ ਪਿਤਾ ਨੂੰ ਕਲਾਵੇ ਵਿੱਚ ਭਰਿਆ ਹੋਇਆ ਹੈ।

ਉਸ ਦੇ ਅੰਦਰੋਂ ਇਕ ਹਉਕਾ ਨਿਕਲਿਆ ਸੀ - "ਪਿਤਾ! ਪਾਲਣਹਾਰਾ!!

"ਆਹਾ...ਆ ਮੰਮਾ ਨਲਕੇ ਦੇ ਆਸੇ-ਪਾਸੇ ਰੱਖੇ ਦੀਵੇ ਕਿੰਨੇ ਸੋਹਣੇ ਲੱਗ ਰਹੇ ਨੇ। ਹੈ ਨਾ...।"

ਉਸ ਨੂੰ ਪਤਾ ਨਾ ਲਗਿਆ ਕਦ ਬੱਚੇ ਇਸ ਵਿਹੜੇ ਵਿੱਚ ਆਏ ਤੇ ਲਟ-ਲਟ ਜੱਗਦੇ ਦੀਵੀਆਂ ਦੀ ਕਤਾਰ ਵੇਖ ਖੁਸ਼ੀ ਨਾਲ ਚਹਿਕ ਰਹੇ ਸਨ। ਆਪਣੀਆਂ ਅੱਖਾਂ ਵਿੱਚੋਂ ਯਾਦਾਂ ਦੀ ਸਾਰੀ ਤਰਲਤਾ ਸਮੇਟ ਦਿਲ ਵਿੱਚ ਉਤਾਰਦਿਆਂ ਬੱਚਿਆਂ ਦੇ ਖੁਸ਼ੀ ਭਰੀ ਬੋਲਾਂ ਦੇ ਜਵਾਬ ਵਿੱਚ ਉਹ ਨਿਮਾ ਜਿਹਾ ਮੁਸਕਰਾ ਹੀ ਸਕੀ ਸੀ।

...

ਕੰਮ-ਕਾਜ ਮੁਕਾ ਕੇ ਆਦਤ ਅਨੁਸਾਰ ਦੁਪਹਿਰ ਵੇਲੇ ਨਲਕੇ ਕੋਲ ਘੜੀ-ਪਲ ਆ ਬੈਠੀ ਨੇ, ਸਾਹਮਣੇ ਕੰਧ ਵੱਲ ਵੇਖਿਆ, ਕੱਚੀ ਥਾਂ 'ਤੇ ਗਿੱਠ-ਗਿੱਠ ਘਾਹ ਫੇਰ ਹੋ ਗਿਆ ਸੀ। ਜਦ ਘਰ ਵਿੱਚ ਆਏ ਸੀ ਤਾਂ ਬੰਦਾ ਬੁਲਾ ਕੇ ਘਰ ਦੀ ਸਫ਼ਾਈ ਦੇ ਨਾਲ ਅਗਲੇ ਪਿਛਲੇ ਵਿਹੜੇ ਵਿੱਚੋਂ ਘਾਹ ਵੀ ਸਾਫ਼ ਕਰਵਾਇਆ ਸੀ। ਉਸ ਨੇ ਸੋਚਿਆ ਕਿਉਂ ਨਾ ਅੱਜ ਉਹ ਆਪ ਹੀ ਘਾਹ ਕੱਢ ਦੇਵੇ।

ਉਸ ਨੇ ਪੁਰਾਣੇ ਸਮਾਨ ਦੀ ਬੋਰੀ ਵਿੱਚੋਂ ਰੰਬਾ ਲੱਭਿਆ ਤੇ ਘਾਹ ਕੱਢਦਿਆਂ ਸੋਚ ਰਹੀ ਸੀ, ਹੁਣ ਉਹ ਇਥੇ ਤੁਲਸੀ ਲਗਾਏਗੀ। ਜੇ ਹੋ ਸਕਿਆ ਤਾਂ ਦੂਜੇ ਕੋਨੇ ਫੁਲਾਂ ਦੇ ਬੂਟੇ ਵੀ ਲਾਵੇਗੀ। ਬਾਹਰਲੇ ਵਿਹੜੇ ਵਿੱਚ ਵੀ ਉਸ ਕੁੱਝ ਨਹੀਂ ਸੀ ਲਾਇਆ। ਬਸ ਉਸਦਾ ਦਿਲ ਹੀ ਨਹੀਂ ਸੀ ਕੀਤਾ ਇਥੇ ਕੁਝ ਬੀਜਣ-ਉਗਾਉਣ ਨੂੰ। ਸਭ ਕੁੱਝ ਹੁੰਦਿਆਂ ਸੁੰਦਿਆਂ ਇਥੇ ਉਸ ਦਾ ਦਿਲ ਨਹੀਂ ਸੀ ਟਿਕਿਆ। ਪਤਾ ਨਹੀਂ ਕਿਉਂ ਇਥੇ ਆ ਕੇ

ਉਸ ਨੂੰ ਪਿਛੇ ਛੱਡ ਆਏ ਚੰਡੀਗੜ੍ਹ ਸ਼ਹਿਰ ਦੀ ਖਿੱਚ ਵੱਧ ਗਈ ਸੀ। ਕਈ ਵਾਰੀ ਉਸ ਨੂੰ ਜਾਪਦਾ ਉਥੇ ਕੋਈ ਉਸ ਨੂੰ ਵਾਜਾਂ ਮਾਰ ਰਿਹਾ ਹੈ।

ਖ਼ਿਆਲਾਂ ਵਿੱਚ ਗੁੰਮ ਘਾਹ ਖੋਦਦੀ ਦਾ ਰੰਬਾ ਮਿੱਟੀ ਵਿੱਚ ਡੂੰਘਾ ਕਿਸੇ ਚੀਜ਼ ਨਾਲ ਜਾ ਟਕਰਾਇਆ ਤਾਂ ਉਹ ਵਰਤਮਾਨ ਵਿੱਚ ਮੁੜੀ। ਉਸ ਘਾਹ ਦੀਆਂ ਜੜ੍ਹਾਂ ਤੋਂ ਜਰਾ ਕੁ ਹੇਠਾਂ ਤਕ ਰੰਬੇ ਨਾਲ ਮਿੱਟੀ ਨੂੰ ਹੋਰ ਪਰ੍ਹਾਂ ਕੀਤਾ ਤਾਂ ਲੋਹੇ ਦਾ ਇਕ ਸਿਰਾ ਜਿਹਾ ਦਿਸਿਆ। ਉਸ ਸਿਰੇ ਨੂੰ ਇਕ ਝੱਟਕੇ ਨਾਲ ਬਾਹਰ ਵਲ ਖਿੱਚਦਿਆਂ ਹੀ ਲੋਹੇ ਦੀ ਡੇਢ ਕੁ ਫੁੱਟ ਲੰਬੀ, ਜਿਸ ਦੇ ਉਪਰਲੇ ਸਿਰੇ ਵਿਚਲੀ ਮੋਰੀ ਵਿੱਚ ਫਸੀ ਕਿਲ ਸਮੇਤ ਉਸ ਦੇ ਹੱਥ ਵਿੱਚ ਜਿਹੜੀ ਸ਼ੈਅ ਆਈ ਸੀ, ਉਹ ਸੀ ਨਲਕੇ ਦੀ ਹੱਥੀ।

ਹੱਥੀ ਨੂੰ ਸਾਫ਼ ਕਰਦਿਆਂ ਉਸ ਨੂੰ ਅਜੀਬ ਜਿਹਾ ਚਾਅ ਚੜ੍ਹ ਗਿਆ। ਉਸ ਨੇ ਹੱਥੀ, ਨਲਕੇ ਨੂੰ ਲਾਈ। ਕਿਲ ਦੇ ਅਗਲਾ ਬੋਲਟ ਨਹੀਂ ਸੀ। ਉਸ ਦੇ ਚੇਤੇ ਵਿੱਚ ਇਕਦਮ ਪਿਤਾ ਜੀ ਦੀ ਗਲ ਘੁੰਮ ਗਈ ਸੀ- ਕਿਲ ਅਗੇ ਬੋਲਟ ਨਾਂ ਲਗਿਆ ਹੋਵੇ ਤਾਂ ਨਲਕਾ ਗੇੜਦਿਆਂ ਹੱਥੀ ਉੱਪਰੋਂ ਥਲੇ ਲਿਆਉਣ ਤੋਂ ਬਾਅਦ ਪਲ ਕੁ ਠਹਿਰਾਅ ਜ਼ਰੂਰ ਦਈਦਾ ਹੁੰਦਾ। ਬਿਨਾਂ ਠਹਿਰਾਅ ਤੋਂ ਲਗਾਤਾਰ ਗੇੜਦਿਆਂ ਹੱਥੀ, ਕਿਲ ਤੇ ਗਜ਼ ਦੀ ਰਗੜ ਨਾਲ ਕਿਲ ਖਿਸਕਦੀ-ਖਿਸਕਦੀ ਹੱਥੀ ਤੇ ਗਜ਼ ਦੀਆਂ ਮੋਰੀਆਂ ਵਿੱਚੋਂ ਬਾਹਰ ਨਿਕਲ ਜਾਵੇਗੀ ਤੇ ਚਲਾਉਣ ਵਾਲਾ 'ਗੜਚ' ਕਰਦਾ ਥੱਲੇ ਜਾ ਪਵੇਗਾ।

ਨਿੱਕੇ ਹੁੰਦਿਆਂ ਇੰਝ ਕਈ ਵਾਰੀ ਡਿੱਗ ਪੈਣ ਵਾਲੇ ਦ੍ਰਿਸ਼ ਚੇਤੇ ਕਰਦਿਆਂ ਉਸ ਦੇ ਬੁਲ੍ਹਾਂ ਤੇ ਹਾਸਾ ਆ ਗਿਆ ਸੀ।

ਉਹ ਜਾਣਦੀ ਸੀ ਚਿਰਾਂ ਤੋਂ ਅਣਵਰਤੇ ਨਲਕੇ ਦੇ ਪਾਈਪ ਵਿਚਲੀ ਚਮੜੇ ਵਾਲੀ ਬੋਕੀ ਸੁੱਕ ਗਈ ਹੋਵੇਗੀ। ਉਸ ਡੱਬੇ ਨਾਲ ਪਾਣੀ ਦੀ ਪੂਰੀ ਬਾਲਟੀ, ਨਲਕੇ ਦੇ ਉੱਪਰ ਸਿਰੇ ਤੋਂ ਪਾਈਪ ਅੰਦਰ ਉੜੇਲ ਦਿੱਤੀ। ਨਲਕੇ ਦੇ ਅੰਦਰ ਗੜ-ਗੜ ਕਰਦੇ ਪਾਣੀ ਲੰਘਣ ਦੀ ਆਵਾਜ਼ ਆਈ। ਝੱਟ ਕੁ ਬਾਅਦ ਉਸ ਨੇ ਨਲਕਾ ਚਲਾਇਆ ਤਾਂ ਪਹਿਲੀ ਵਾਰ ਹੌਲੀ-ਫੁੱਲ ਹੱਥੀ ਝੱਟ ਥੱਲੇ ਵਲ ਖਿਸਕ ਗਈ। ਇੰਜ ਹੀ ਦੂਜੀ-ਤੀਜੀ ਵਾਰੀ ਗੇੜਨ ਤੋਂ ਬਾਅਦ ਹੱਥੀ, ਹੱਲਕੇ ਭਾਰੀਪਨ ਨਾਲ ਹੋਲੀ-ਹੌਲੀ ਥੱਲੇ ਵੱਲ ਜਾਂਦੀ ਇੰਝ ਪ੍ਰਤੀਤ ਹੋਈ ਜਿਵੇਂ ਭਰੀ ਕੁੱਖ ਸਾਂਭੀ ਤੀਵੀਂ ਬੋਚ-ਬੋਚ ਪੈਰ ਧਰ ਰਹੀ ਹੋਵੇ। ਉਸ ਹੱਥੀ ਵੱਲ ਬੜੀ ਰੀਝ ਨਾਲ ਤਕਿਆ।

ਦਸ-ਬਾਰ੍ਹਾਂ ਵਾਰ ਗੇੜਨ ਨਾਲ ਹੀ ਨਲਕੇ ਦੇ ਮੂੰਹ ਵਿੱਚੋਂ ਪੀਲਾ ਜਿਹਾ ਘੁੱਟ ਕੁ ਪਾਣੀ ਡਿਗਿਆ। ਜਿਵੇਂ ਕਿਸੇ ਨੇ ਕੁਰਲੀ ਕੀਤੀ ਹੋਵੇ। ਅੱਗਲੇ ਗੇੜੇ ਨਲਕੇ ਨੇ ਮੂੰਹ ਭਰ ਪਾਣੀ ਸੁੱਟਿਆ। ਪਰ ਪਾਣੀ ਮੈਲਾ ਜਿਹਾ ਸੀ। ਜਿਵੇਂ ਹੁਬਕੀ-ਹੁਬਕੀ ਰੋਂਦੇ ਨੈਣਾਂ ਦੇ ਪਾਣੀ ਵਿੱਚ ਕੱਜਲ ਘੁਲਿਆ ਹੋਵੇ। ਇਸ ਵਕਤ ਉਸ ਤੇ ਕਈ ਅਹਿਸਾਸ ਤਾਰੀ ਸਨ। ਹੁਣ ਉਹ ਤਦ ਤੱਕ ਲਗਾਤਾਰ ਨਲਕਾ ਗੇੜਦੀ ਰਹੀ ਜਦ ਤੱਕ ਨਲਕੇ ਵਿੱਚੋਂ ਸਾਫ਼ ਪਾਣੀ ਨਾ ਆ ਗਿਆ। ਆਖ਼ਰ ਉਹ ਹੰਭ ਕੇ ਖੁਰੇ ਦੀ ਬੰਨੀ 'ਤੇ ਹੀ ਬਹਿ ਗਈ। ਗਿਲੇ ਖੁਰ੍ਹੇ ਵਿੱਚੋਂ ਰੁੜਦੇ ਪਾਣੀ ਨੂੰ ਵੇਖ ਕੇ ਉਸ ਦੀਆਂ ਭੁਬਾਂ ਨਿਕਲ ਗਈਆਂ ਸਨ। ਉਹ ਕਿਸੇ ਨੂੰ ਚੇਤੇ ਕਰਦਿਆਂ ਦਿਲ ਭਰ ਕੇ ਰੋਈ। ਆਪੇ ਰੋਈ ਤੇ ਆਪੇ ਚੁੱਪ ਹੋਈ। ਪਰ ਨਲਕੇ ਵਲ ਨਜ਼ਰ ਟਿੱਕਾ ਕਿੰਨਾ ਹੀ ਚਿਰ ਵੇਖਦੀ ਨੇ ਦਿਲ ਵਿੱਚ ਕੁਝ ਧਾਰ ਲਿਆ ਸੀ।

ਅਗਲੀ ਸਵੇਰ ਉਸ ਨੇ ਬੱਚਿਆਂ ਦੇ ਘਰੋਂ ਜਾਣ ਤੋਂ ਪਹਿਲਾਂ ਹੀ ਉਹਨਾਂ ਨੂੰ ਦੱਸਿਆ ਕਿ ਉਹ ਚੰਡੀਗੜ੍ਹ ਜਾ ਰਹੀ ਹੈ, ਸ਼ਾਮ ਤਕ ਮੁੜ ਆਵੇਗੀ। ਬੱਚਿਆਂ ਨੇ ਕੁੱਝ ਵੀ ਪੁੱਛਣ ਦੀ ਲੋੜ ਨਾ ਸਮਝੀ। ਬਲਕਿ ਉਹ ਸੋਚ ਰਹੇ ਸਨ, ਮੰਮਾਂ ਪੰਜ-ਛੇ ਮਹੀਨਿਆਂ ਬਾਅਦ ਕਿਉਂ ਜਾ ਰਹੇ ਹਨ? ਹੁਣ ਤਕ ਤਾਂ ਮੰਮਾ ਨੂੰ ਕਈ ਚੱਕਰ ਲਾ ਲੈਣੇ ਚਾਹੀਦੇ ਸਨ...।

ਘਰ ਵਾਪਸ ਮੁੜਦਿਆਂ ਉਸ ਨੂੰ ਹਨੇਰਾ ਪੈ ਗਿਆ ਸੀ। ਆਪਣੇ ਗੇਟ ਅੱਗੇ ਟੈਕਸੀ ਦੇ ਰੁਕਣ ਤੇ ਗੇਟ ਖੁਲ੍ਹਣ ਦੀ ਆਵਾਜ਼ ਸੁਣ ਬੱਚੇ ਬਾਹਰ ਆ ਗਏ। ਉਹ ਦੋਨਾਂ ਬਾਹਾਂ ਤੋਂ ਫੜੀ ਇਕ ਲਿੱਸੇ ਜਿਹੇ ਸਰੀਰ ਨੂੰ ਸਹਾਰਾ ਦੇ ਟੈਕਸੀ ਵਿੱਚੋਂ ਬਾਹਰ ਕੱਢ ਰਹੀ ਸੀ। ਆਪਣੀ ਮਾਂ ਨਾਲ ਨਾਨੇ ਨੂੰ ਵੇਖਦਿਆਂ ਹੀ ਬੱਚਿਆਂ ਦੇ ਚਿਹਰੇ ਖਿੜ ਗਏ ਸਨ। ਕੋਹਡੀ ਕਮਰ, ਬੁੱਢੀਆਂ ਬੇਵੱਸ ਜਿਹੀਆਂ ਅੱਖਾਂ ਅਤੇ ਝੁਰੜੀਆਂ ਭਰੇ ਹੱਥ ਵਿੱਚ ਸੋਟੀ ਫੜੇ ਗੇਟ ਅੱਗੇ ਖੜ੍ਹੇ ਪਿਤਾ ਜੀ ਹਉਕੇ ਵਰਗੀ ਆਵਾਜ਼ ਵਿੱਚ ਬੋਲੇ ਸਨ – "ਧੀਏ, ਮੈਂ ਤੇਰੇ ਘਰ ਬੈਠਾ ਚੰਗਾ ਲੱਗਦਾ ਹਾਂ...? ਤੂੰ ਆਪ ਮੁਸੀਬਤਾਂ ਮਾਰੀ..."

ਪਿਤਾ ਜੀ ਨੂੰ ਵਿੱਚੋਂ ਹੀ ਟੋਕਦਿਆਂ ਉਹ ਬੋਲੀ ਸੀ, "ਬਸ ਪਿਤਾ ਜੀ, ਹੁਣ ਮੁੜ ਕੁਝ ਨਹੀਂ ਕਹਿਣਾ ਤੁਸੀਂ। ਮੁੱਕ ਗਈਆਂ ਹਨ ਮੇਰੀਆਂ ਮੁਸੀਬਤਾਂ। ਆਹ ਵੇਖੋ ਹੁਣ ਤੁਹਾਡਾ ਦੋਹਤਾ ਕਮਾਉਂਦਾ- ਖਟਦਾ ਹੈ। ਕਲ ਨੂੰ ਇਹ ਦੂਜਾ ਵੀ ਪੜ੍ਹ-ਲਿੱਖ ਕੇ ਕਮਾਏਗਾ ਹੀ, " ਉਸ ਨੇ ਕੋਲ ਪਹੁੰਚ ਗਏ ਆਪਣੇ ਦੋਹਾਂ ਬੇਟਿਆਂ ਵਲ ਇਸ਼ਾਰਾ ਕਰਦਿਆਂ ਕਿਹਾ। "ਮੇਰੀ ਕਮਾਈ ਨਹੀਂ ਇਹ, ਨਾ ਹੀ ਮੇਰਾ ਘਰ ਏ। ਇਹ ਤੁਹਾਡੇ ਦੋਹਤੇ ਦਾ ਘਰ ਹੈ। ਦੋਹਤੇ ਵੀ ਪੁੱਤ ਹੀ ਹੁੰਦੇ ਹਨ।"

"ਨਾਂ ਧੀਏ, ਬੈਠਾ ਤਾਂ ਮੈਂ ਉਸ ਦੇ ਘਰ ਹੀ ਚੰਗਾ ਲੱਗਦਾ ਸੀ, ਜਿਹੜਾ ਮੈਨੂੰ ਛੱਡ ਗਿਆ ਏ ਬਿਰਧ ਘਰ...।" ਇਕ ਲੰਬੀ ਆਹ ਹਵਾ ਵਿੱਚ ਫੈਲ ਗਈ ਸੀ।

ਸੱਜੇ-ਖਬੇ ਤੁਰਦੇ ਦੋਵੇਂ ਮੁੰਡੇ, ਪਿਤਾ ਜੀ ਨੂੰ ਲੱਕ ਦੁਆਲਿਓਂ ਬਾਹਾਂ ਨਾਲ ਇੰਝ ਹੀ ਵਲ ਕੇ ਕਮਰੇ ਅੰਦਰ ਲਿਆ ਰਹੇ ਸਨ, ਜਿਵੇਂ ਉਹ ਆਪ ਕਈ ਵਾਰ ਅਣਭੋਲ ਹੀ ਨਲਕੇ ਦੇ ਪਾਈਪ ਨੂੰ ਦੋਹਾਂ ਬਾਹਾਂ ਵਿੱਚ ਵੱਲ ਲੈਂਦੀ ਸੀ।

"ਕੋਈ ਗੱਲ ਨਹੀਂ... ਉਸ ਦੀ ਵੀ ਮਜ਼ਬੂਰੀ ਹੋਵੇਗੀ ਕੋਈ...। ਉਸ ਦਾ ਅੰਨ-ਜਲ ਦੂਰ ਜਾ ਖਿੰਡਿਆ ਏ ਤਾਂ ਉਹੀ ਵੀ ਕੀ ਕਰੇ...। ਪਿਛਲਾ ਸਾਰਾ ਸਾਲ ਤਾਂ ਮੈਂ ਉਥੇ ਚੰਡੀਗੜ੍ਹ ਵਿੱਚ ਸਾਂ, ਹਰ ਹਫ਼ਤੇ ਤੁਹਾਨੂੰ ਦੇਖ ਆਉਂਦੀ ਸਾਂ। ਹੁਣ ਇਥੇ..." ਚਾਈਂ ਚਾਈਂ ਪਿਛੋਂ ਤੁਰੀ ਆਉਂਦੀ ਉਹ ਸਹਿਜੇ ਹੀ ਬੋਲੀ ਸੀ।

ਅਗਲੇ ਦਿਨ ਨਾਹ-ਧੋ ਕੇ ਨਲਕੇ ਸਾਹਮਣੇ ਮੰਜੀ ਤੇ ਧੁੱਪੇ ਬੈਠੇ ਪਿਤਾ ਜੀ ਦੇ ਸਿਰ ਵਿੱਚ ਤੇਲ ਝੱਸਦਿਆਂ ਉਹ ਬੜੀ ਰੀਝ ਨਾਲ ਨਲਕੇ ਨੂੰ ਵੇਖਦੀ ਰਹੀ। ਕਦੀ ਨਲਕੇ ਨੂੰ ਵੇਖਦੀ ਕਦੇ ਭਰ ਪਿਤਾ ਜੀ ਦਾ ਚਿਹਰਾ ਵੇਖਦੀ। ਵੇਖਦੀ ਤੇ ਸੋਚਦੀ – "ਹਾਏ... ਗੁਆਚਿਆ ਕੁਝ ਵੀ ਲੱਭਣ ਭੱਲਾ ਸੋਖਾ ਏ...? ਚਾਹੇ ਚੀਜ਼ਾਂ ਹੋਣ ਜਾਂ ਇਨਸਾਨ...। ਪਿਛੋਂ ਅਫ਼ਸੋਸ ਕਰਨ ਨਾਲੋਂ ਪਹਿਲੋਂ ਗੁਆਚਣ ਹੀ ਨਾ ਦਿਓ... ਵਕਤ ਰਹਿੰਦਿਆਂ ਸਾਂਭ ਈ ਲਓ...।"

# ਗ਼ਦਰੀਆਂ ਦੀ ਧਰਤੀ : ਸਟਾਕਟਨ

**ਡਾ. ਕੁਲਵੰਤ ਕੌਰ**

ਸਿੱਖ ਟੈਂਪਲ ਸਟਾਕਟਨ। ਦੇਸ਼ ਵਿਦੇਸ਼ ਵਿਚ ਜਾਣਿਆਂ ਪਛਾਣਿਆਂ ਨਾਂ। ਜਿਉਂ ਹੀ ਗੁਰਦੁਆਰੇ ਤੋਂ ਪਹਿਲਾਂ ਸੱਜੇ ਹੱਥ ਬਣੀ ਲਾਇਬਰੇਰੀ ਇਮਾਰਤ ਵਿਚ ਪ੍ਰਵੇਸ਼ ਕੀਤਾ ਤਾਂ ਆਦਮ-ਕੱਦ ਸ਼ੀਸ਼ਿਆਂ ਪਿੱਛੇ 'ਹਿੰਦੁਸਤਾਨ ਗ਼ਦਰ' (ਗ਼ਦਰ ਦੀ ਗੂੰਜ) ਦੇ ਅਨੇਕ ਖ਼ਸਤਾ ਹਾਲ, ਭੁਰਭੁਰੇ ਤੇ ਜਰਜਰੇ ਅੰਕਾਂ ਨੇ ਮਾਨੋਂ ਜੀਉ ਆਇਆਂ ਕਿਹਾ।

ਬਿਲਕੁਲ ਸਪੱਸ਼ਟ ਹੈ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਦੀ ਲੜਾਈ ਕੇਵਲ ਹਿੰਦ ਦੀ ਧਰਤੀ 'ਤੇ ਹੀ ਨਹੀਂ ਲੜੀ ਗਈ ਸਗੋਂ ਬੇਸ਼ੁਮਾਰ ਉਨ੍ਹਾਂ ਧਰਤੀਆਂ 'ਤੇ ਵੀ ਲੜੀ ਗਈ ਜਿੱਥੇ ਸਾਡੇ ਹਿੰਦਵਾਸੀ (ਜਿਨ੍ਹਾਂ ਵਿਚੋਂ 90% ਸਿੱਖ ਸਨ) ਸੁਤੰਤਰ ਫਿਜ਼ਾਵਾਂ ਵਿਚ ਸਾਹ ਲੈ ਕੇ ਕੁਝ ਖੱਟਣ ਕਮਾਉਣ ਦੇ ਇਰਾਦੇ ਨਾਲ ਗਏ ਸਨ। ਕੈਲੇਫੋਰਨੀਆਂ ਤੇ ਵੈਨਕੂਵਰ (ਕੈਨੇਡਾ) ਦੀ ਸਰਜ਼ਮੀ ਦਾ ਇਸ ਸੰਦਰਭ ਵਿਚ ਮਹੱਤਵਪੂਰਨ ਯੋਗਦਾਨ ਹੈ। ਹਜ਼ਾਰਾਂ ਮੀਲਾਂ ਦੇ ਫਾਸਲੇ 'ਤੇ ਸਮੁੰਦਰਾਂ ਨੂੰ ਉਲਾਂਘ ਕੇ ਵਤਨਪ੍ਰਸਤੀ ਦੇ ਸ਼ਿੱਦਤਪੂਰਨ ਜਜ਼ਬੇ ਨਾਲ ਸਰਸ਼ਾਰੇ ਸਾਡੇ ਦੇਸ਼ ਭਗਤ ਵਤਨੀ ਕੇਹੀਆਂ ਅਣਹੋਣੀਆਂ ਨਾਲ ਟੱਕਰ ਲੈਂਦੇ ਰਹੇ ਹਨ, ਅਤੇ ਕੇਹੇ ਕਰੂਰ ਯਥਾਰਥ ਦੇ ਅੰਗ-ਸੰਗ ਰਹੇ ਹਨ, ਇਸ ਦਾ ਪਿਛਲੇ ਅਰਸੇ ਵਿਚ ਮੈਨੂੰ ਆਪਣੀ ਅਮਰੀਕਾ ਤੇ ਕੈਨੇਡਾ ਦੀ ਫੇਰੀ ਸਮੇਂ ਹੋਰ ਵੀ ਤੀਬਰਤਾ ਨਾਲ ਅਹਿਸਾਸ ਹੋਇਆ। ਮੇਰੇ ਲਈ ਇਹ ਅਚੰਭੇਪੂਰਨ ਗੱਲ ਸੀ ਕਿ ਡੇਵਿਸ ਯੂਨੀਵਰਸਿਟੀ ਕੈਲੇਫੋਰਨੀਆਂ ਵਿਖੇ ਮੈਨੂੰ ਇਕ ਅਜਿਹੇ ਖੋਜਾਰਥੀ ਨਾਲ ਮਿਲਾਇਆ ਗਿਆ ਜੋ 'South Asian Identify in the United States' ਵਿਸ਼ੇ 'ਤੇ ਡਾਕਟਰੇਟ ਕਰ ਰਿਹਾ ਸੀ ਅਤੇ ਗ਼ਦਰ ਲਹਿਰ ਉਸ ਦੀ ਖੋਜ ਦਾ ਵਿਸ਼ੇਸ਼ ਪਹਿਲੂ ਸੀ। ਇਸੇ ਤਰ੍ਹਾਂ ਬਰਕਲੇ ਯੂਨੀਵਰਸਿਟੀ ਵਿਖੇ ਵੀ ਕਈ ਨਵੇਂ ਤੱਥਾਂ ਦੀ ਜਾਣਕਾਰੀ ਹੋਈ। ਉਧਰਲੇ ਖੋਜੀਆਂ ਦੀ ਕਿੰਨੀ ਵੱਡੀ ਉਦਾਰਤਾ ਹੈ ਕਿ ਆਪਣੀਆਂ ਅਣਛਪੀਆਂ ਮਹੱਤਵਪੂਰਨ ਲੱਭਤਾ ਵਾਲੇ ਕਈ ਕਾਂਡ ਉਨ੍ਹਾਂ ਮੇਰੀ ਗਿਆਤ ਲਈ ਮੇਰੇ ਨਾਲ ਸਾਂਝੇ ਕੀਤੇ। ਇਸ ਤੋਂ ਇਲਾਵਾ, ਕੈਨੇਡਾ ਵਿਖੇ ਛਪੀ Canadian Sikhs and Komagata Maru Massacre (ਕੇਸਰ ਸਿੰਘ) ਅਤੇ ਕੈਲੇਫੋਰਨੀਆਂ ਵਿਖੇ ਛਪੀ (ਵਧਾਵਾ ਸਿੰਘ ਐਮ.ਏ.) ਦੀ ਕਿਤਾਬ ਬਹੁਮੁੱਲੀਆਂ ਪੁਸਤਕਾਂ ਹਨ ਜਿਹੜੀਆਂ ਇਹਨਾਂ ਦੇਸ਼ਾਂ ਵਿਚ ਜਾਣ ਸਮੇਂ ਮੈਨੂੰ ਹਾਸਲ ਹੋਈਆਂ। ਇੰਞ ਗ਼ਦਰ ਲਹਿਰ ਸੰਬੰਧੀ ਕਿਸੇ ਵੱਖਰੇ ਪ੍ਰਸੰਗ ਵਿਚ ਜ਼ਿਕਰ ਕੀਤਾ ਜਾਵੇਗਾ ਕਿਉਂਕਿ ਹਥਲੇ ਆਰਟੀਕਲ ਵਿਚ ਕੇਵਲ ਸਟਾਕਟਨ ਦੀ ਇਤਿਹਾਸਕ ਤੇ ਸਭਿਆਚਾਰਕ ਮਹੱਤਤਾ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਗ਼ਦਰ ਲਹਿਰ ਸੰਬੰਧੀ ਵਧੇਰੇ ਰਿਕਾਰਡ ਅਤੇ ਇਤਿਹਾਸਕ ਦਸਤਾਵੇਜ਼ ਰਮਣੀਕ ਸਾਗਰੀ ਮਹਾਂਨਗਰ ਸਾਨਫਰਾਂਸਿਸਕੋ ਦੇ 'ਓਲਡ ਯੁਗਾਂਤਰ ਆਸ਼ਰਮ' ਵਿਖੇ ਰੱਖੇ ਗਏ ਹਨ ਜਿਨ੍ਹਾਂ ਦੀ ਦੇਖ-ਰੇਖ ਭਾਰਤੀ ਦੂਤਘਰ ਕਰਦਾ ਹੈ ਪ੍ਰੰਤੂ ਇਸ ਮਹਾਨ, ਅਭੁੱਲ ਅਤੇ ਜ਼ਿਕਰਯੋਗ ਲਹਿਰ ਦੀਆਂ ਬਹੁਤ ਸਾਰੀਆਂ ਯਾਦਾਂ ਸਟਾਕਟਨ ਦੀ ਧਰਤੀ ਨਾਲ ਸੰਬੰਧਤ ਹਨ। ਸਿਤਮਜ਼ਰੀਫ਼ੀ ਇਹ ਕਿ ਜਿੰਨੀ ਵਾਰ ਵੀ ਸਾਨਫਰਾਂਸਿਸਕੋ ਜਾਣ ਦਾ ਮੌਕਾ ਮਿਲਿਆ ਜਾਂ ਤਾਂ ਉਹ ਦੂਤਖਾਨੇ ਦੇ ਬੰਦ ਹੋ ਜਾਣ ਦਾ ਸਮਾਂ ਹੁੰਦਾ ਸੀ ਤੇ ਜਾਂ ਫਿਰ ਐਤਵਾਰ। ਸ਼ਿੱਦਤਭਰੀ ਚਾਹਤ ਦੇ ਬਾਵਜੂਦ ਮੈਨੂੰ ਯੁਗਾਂਤਰ ਆਸ਼ਰਮ ਲਈ ਸਰਕਾਰੀ ਪਰਮਿਟ ਨਾ ਮਿਲ ਸਕਿਆ। ਸੋ ਉਨ੍ਹਾਂ ਅਣਥੱਕ ਘੁਲਾਟੀਆਂ ਤੇ ਮਰਜੀਵੜਿਆ ਬਾਰੇ ਕੁਝ ਜਾਨਣ ਦੀ ਉਤਸੁਕਤਾ ਮੱਲੋਜ਼ੋਰੀ ਸਟਾਕਟਨ ਲੈ ਤੁਰੀ ਜਿੱਥੇ ਆਖ਼ਰੀ ਗ਼ਦਰੀ ਬਾਬੇ ਸ੍ਰੀ ਮੱਖਣ ਸਿੰਘ ਸੰਧੂ ਨਾਲ ਮੁਲਾਕਾਤ ਦਾ ਵਕਤ ਵੀ ਤੈਅ ਕਰਨਾ ਸੀ। ਦੋ ਦਿਨ ਸਾਨਫਰਾਂਸਿਸਕੋ ਦੇ ਸੈਰ-ਸਪਾਟੇ ਉਪਰੰਤ ਜਦੋਂ ਮੈਂ ਸਟਾਕਟਨ ਲਈ ਨਿਕਲੀ ਤਾਂ ਮੀਲਾਂ ਲੰਬੇ ਨਿਹਾਇਤ ਖ਼ੂਬਸੂਰਤ ਅਤੇ ਕਾਲਤਮਿਕ 'ਵੇ ਬਰਿਜ' ਸਸਪੈਨਸ਼ਨ ਪੁਲ ਨੇ ਜਿਵੇਂ ਕੀਲ ਲਿਆ ਹੋਵੇ। 'ਵੇ ਬਰਿਜ' ਤੋਂ ਗੁਜ਼ਰਦਿਆਂ ਇਸ ਪ੍ਰਾਚੀਨ ਮਹਾਂਨਗਰ ਦੀ ਦਿੱਖ ਦੇ ਕੀ ਕਹਿਣੇ? ਡਾਊਨਟਾਊਨ ਦੀਆਂ ਗਗਨਚੁੰਬੀ ਇਮਾਰਤਾਂ। ਬੀਚਾਂ ਤੇ ਵੰਨ-ਸੁਵੰਨੇ ਸੈਲਾਨੀਆਂ ਨਾਲ ਭਰੀਆਂ ਪੂਰੀਆਂ ਮੋਟਰ ਬੋਟਾਂ। ਸਮੁੰਦਰਾਂ ਵਿਚ ਅਠਖੇਲੀਆਂ ਕਰਦੇ ਉਤਸ਼ਾਹੀ ਤੈਰਾਕ। ਪਾਣੀਆਂ ਨਾਲ ਕਲੋਲਾਂ ਕਰਦੇ ਬੱਦਲ। ਸਮੁੰਦਰ ਵਿਚ ਬਣੀ ਲੰਬੀ-ਚੌੜੀ ਜੇਲ੍ਹ। ਸ਼ਾਂਤ ਪਾਣੀਆਂ ਵਿਚ ਡਿੱਗਦੀਆਂ ਸੁਨਹਿਰੀ ਕਿਰਨਾਂ। ਦੂਰ ਦੁਮੇਲ ਤੱਕ ਫੈਲਿਆ ਨੀਲਮਈ ਸਾਗਰ। ਵਿਸ਼ਾਲ ਸੜਕਾਂ। ਅਣਗਿਣਤ ਵਾਹਨ। ਬਾਵਜੂਦ ਇਸ ਦੇ ਇਕ ਜ਼ਾਬਤਾ। ਇਕ ਸ਼ਾਂਤਮਈ ਆਲਮ। ਭਾਜੜ, ਕਾਹਲ ਤੇ ਪ੍ਰਦੂਸ਼ਣ ਤੋਂ ਰਹਿਤ ਵਾਤਾਵਰਣ। ਹਾਰਨ ਤੋਂ ਬਿਨਾਂ ਮੰਜ਼ਲ ਲਈ ਚਲਦੇ ਤੇਜ਼ ਵਾਹਨ। ਦੁਆਲੇ ਸਫੈਦੇਨੁਮਾ ਰੁੱਖਾਂ ਦੀਆਂ ਪਾਲਾਂ। ਮੰਜ਼ਲ ਵੱਲ ਵਧਦੇ ਅਸੀਂ ਸਮੁੰਦਰ ਪੂਰ ਕੇ ਬਣਾਏ 'ਗੋਲਡਨ ਗੇਟ' ਪੁਲ ਤੋਂ ਦੀ ਗੁਜ਼ਰੇ। ਹਲਸਾਉਂਦੀਆਂ ਕਿਰਨਾਂ ਨੇ ਦ੍ਰਿਸ਼ ਨੂੰ ਅਤਿਅੰਤ ਮਨਮੋਹਕ ਬਣਾ ਦਿੱਤਾ ਸੀ। ਬਰਕਲੇ, ਓਕਲੈਂਡ ਤੇ ਰਿਚਮੰਡ ਲੰਘ ਅਸੀਂ ਉਸ ਦਿਲਕਸ਼ ਨਾਪਾ ਵੈਲੀ 'ਚੋਂ ਰਾਹ ਲਿਆ ਜੋ ਆਪਣੀਆਂ ਵਾਇਨਰੀਜ਼ (ਅੰਗੂਰੀ ਸ਼ਰਾਬ) ਕਰਕੇ ਦੁਨੀਆਂ ਭਰ ਵਿਚ ਪ੍ਰਸਿੱਧ ਹੈ। ਨਾਪਾ ਵੈਲੀ ਦੀ ਖ਼ੂਬਸੂਰਤੀ ਵੀ ਸ਼ਬਦਾਂ ਦੀ ਮੁਥਾਜ ਨਹੀਂ। ਉਚੇ ਨੀਵੇਂ ਪਹਾੜਾਂ ਤੇ ਬਾਗਾਂ ਖਾਸ ਕਰਕੇ ਅੰਗੂਰਾਂ ਦੀ ਧਰਤੀ। ਅਥਾਹ ਪ੍ਰਕ੍ਰਿਤਕ ਸੁਹਜ ਕਰਕੇ ਬਹੁਤ ਸਾਰੇ ਵਿਦੇਸ਼ੀ ਕਲਾਕਾਰਾਂ ਦੀ ਮਨਪਸੰਦ ਧਰਤੀ।

ਅਮਰੀਕਾ ਤੇ ਕੈਨੇਡਾ ਦੀ ਜਿਸ ਗੱਲ ਨੇ ਮੇਰੇ ਮਨ-ਮਸਤਕ 'ਤੇ ਵਿਸ਼ੇਸ਼ ਪ੍ਰਭਾਵ ਪਾਇਆ ਉਹ ਸੀ ਪ੍ਰਕ੍ਰਿਤੀ। ਕੁਦਰਤੀ ਸੁਹਜ ਨਾਲ ਮਨੁੱਖੀ ਸੁਹਜ ਰਲ ਜਾਣ ਕਰਕੇ ਪ੍ਰਾਕ੍ਰਿਤਕ ਚੌਗਿਰਦਾ ਐਨਾ ਲਾਜਵਾਬ

ਬਣਾਇਆ ਗਿਆ ਹੈ ਕਿ ਜਿਸ ਸੁਹਪਣ ਨੂੰ ਕਦੇ-ਕਦਾਈ ਤੱਕਣ ਲਈ ਅਸੀਂ ਸ਼ਿਮਲੇ ਜਾਣਾ ਲੋਚਦੇ ਹਾਂ, ਕੁੱਲੂ ਮਨਾਲੀ, ਪਹਿਲਗਾਮ ਤੇ ਗੁਲਮਰਗ (ਜੋ ਹੁਣ ਦੁਰਲੱਭ ਹੋ ਗਏ ਹਨ), ਉਹ ਇਨ੍ਹਾਂ ਧਰਤੀਆਂ ਦੇ ਚੱਪੇ-ਚੱਪੇ 'ਤੇ ਵੱਸਦਾ ਹੈ। ਇੰਚ ਇੰਚ ਵਿਚ ਮੌਜੂਦ ਹੈ। ਕੁਦਰਤ ਦਾ ਹੁਸਨ ਤੇ ਪਹਾੜੀ ਢਲਾਨਾਂ ਵੀ ਬਾਗਾਂ ਨਾਲ ਮਹਿਕਦੀਆਂ ਚਹਿਕਦੀਆਂ ਤੱਕੀਆਂ। ਕਦੇ ਗੰਜੇ ਪਹਾੜਾਂ 'ਤੇ ਵੀ ਸੰਘਣੀ ਬਨਸਪਤੀ ਮੌਲਦੀ ਦੇਖੀ। ਸੜਕਾਂ ਕਿਨਾਰੇ ਦੀ ਝਲਕ ਵੀ ਘੱਟ ਧੂਹ ਪਾਉਣੀ ਨਹੀਂ ਸੀ। ਇਸ ਦਿਲਕਸ਼ ਨਜ਼ਾਰੇ ਨੂੰ ਮਾਣਦੇ ਅਸੀਂ ਸਟਾਕਟਨ ਦੇ ਰਾਹ 'ਤੇ ਸਾਂ। ਵੱਡੇ-ਵੱਡੇ ਰੈਂਚਾਂ (ਗਊ ਵਾੜਿਆਂ) ਨੂੰ ਨਿਹਾਰਦੇ ਮੀਲਾਂ ਲੰਮੀਆਂ ਆੜੂਆਂ, ਪਰੂਨਾਂ, ਅੰਗੂਰਾਂ, ਅਖਰੋਟਾਂ, ਸੇਬਾਂ ਤੇ ਲੂਚਿਆਂ ਦੀਆਂ ਬਹਾਰਾਂ ਮਾਣਦੇ, ਲਹਿਲਹਾਉਂਦੀ ਮੱਕੀ, ਮੂਲੀ (ਜਿਸ ਤੋਂ ਇਕ ਤਰ੍ਹਾਂ ਦੀ ਸ਼ਰਾਬ ਬਣਦੀ ਹੈ) ਅਤੇ ਟਮਾਟਰਾਂ ਦੀ ਭਰਪੂਰ ਫਸਲ ਵੇਖਦੇ ਅਸੀਂ ਉਨ੍ਹਾਂ ਮੁਸ਼ੱਕਤੀ ਹੱਥਾਂ ਦੀ ਦਾਦ ਦੇ ਰਹੇ ਸਾਂ ਜਿਨ੍ਹਾਂ ਨੇ ਅਮਰੀਕਾ ਦੇ ਅਰਥਚਾਰੇ ਲਈ ਐਨੀ ਜਾਨ ਹੂਲੀ ਹੈ। ਅਖ਼ੀਰ ਅਸੀਂ ਆਪਣੀ ਮੰਜ਼ਲ ਦੇ ਰੂ-ਬ-ਰੂ ਸਾਂ – ਉਹੀ ਮੰਜ਼ਲ ਜਿਸ ਨੇ ਕਦੇ ਸਾਡੇ ਨਿਰਭੈ ਬਜ਼ੁਰਗਾਂ, ਦਲੇਰ ਬਾਬਿਆਂ ਅਤੇ ਮਿਹਤਕਸ਼ ਯੋਧਿਆਂ ਨੂੰ ਖਿੱਚਿਆ ਸੀ ਤੇ ਸਦੀ ਪਹਿਲਾਂ ਦਰ-ਬਦਰ ਭਟਕਦਿਆਂ ਨੂੰ ਰੈਣ-ਬਸੇਰਾ ਦਿੱਤਾ ਸੀ। ਦੇਸ਼ ਭਗਤੀ ਦੇ ਜਜ਼ਬੇ ਉਭਾਰੇ ਸਨ ਤੇ ਸਭ ਕੁਝ ਨਿਛਾਵਰ ਕਰਨ ਲਈ ਉਕਸਾਇਆ ਸੀ। ਕੁਝ ਮੁੱਠੀ ਭਰ ਗਦਰੀ ਬਾਬੇ ਇਤਿਹਾਸ ਦਾ ਅੰਗ ਬਣ ਸਕੇ। ਗਿਣਤੀ-ਮਿਣਤੀ ਦੇ ਜੁਝਾਰੂ ਲੋਕ ਨਜ਼ਰਾਂ ਵਿਚ ਪ੍ਰਵਾਨ ਚੜ੍ਹ ਸਕੇ ਪਰ ਇਥੇ ਤਾਂ ਹਰ ਹਿੰਦੀ (ਅਤੇ ਖਾਸ ਕਰਕੇ ਹਰ ਸਿੱਖ) ਵਤਨਪ੍ਰਸਤੀ ਤੇ ਦੇਸ਼ਭਗਤੀ ਦੀ ਭਾਵਨਾ ਨਾਲ ਭਰਪੂਰ ਸੀ ਜਿਸ ਦੀ ਖ਼ਾਤਰ ਉਹ ਬਗ਼ੈਰ ਜਾਤ-ਪਾਤ ਤੇ ਮਜ਼੍ਹਬ ਤੋਂ ਜੂਝਿਆ। ਲੜਿਆ। ਹਫਿਆ। ਪਲ ਪਲ ਦੇਸ਼ ਭਗਤੀ ਦੇ ਜਜ਼ਬੇ ਵਿਚ ਰੰਗਿਆ ਰਿਹਾ। ਕੈਲੇਫੋਰਨੀਆਂ ਦੀ ਰਾਜਧਾਨੀ ਸੈਕਰਮੈਂਟੋ। ਸੈਕਰਮੈਂਟੋ ਤੋਂ ਕੋਈ ਚਾਲੀ ਕੁ ਮੀਲ ਘੁੱਗ ਵਸਦਾ ਸਟਾਕਟਨ। ਸ਼ਾਂਤ, ਸਹਿਜ, ਕਲਾਤਮਿਕ ਤੇ ਖ਼ੂਬਸੂਰਤ ਸ਼ਹਿਰ ਸਟਾਕਟਨ। ਗਰਮ ਰੁੱਤੇ (ਜੂਨ-ਜੁਲਾਈ) ਆਪਣੀਆਂ ਕੰਨਰੀਆਂ ਤੇ ਜੂਸ ਫੈਕਟਰੀਆਂ ਲਈ ਵਿਖਿਆਤ। ਵਿਚਾਰਨਯੋਗ ਗੱਲ ਇਹ ਹੈ ਕਿ ਜਿਥੇ ਅਵਾਸੀ ਸਿੱਖਾਂ ਦੀ ਅਮਰੀਕਾ ਯਾਤਰਾ 1906-07 ਦੇ ਵਰ੍ਹਿਆਂ ਤੋਂ ਆਰੰਭ ਹੁੰਦੀ ਹੈ ਉਥੇ ਸਟਾਕਟਨ ਦਾ ਸਿੱਖ ਇਤਿਹਾਸ ਵੀ 1908 ਤੋਂ ਸ਼ੁਰੂ ਹੋ ਜਾਂਦਾ ਹੈ। ਉਦੋਂ ਵੀ ਪੰਜਾਬੀਆਂ ਵਿਚ ਸਟਾਕਟਨ ਪ੍ਰਤੀ ਖਿੱਚ ਉਵੇਂ ਸੀ ਜਿਵੇਂ ਅੱਜ ਵੀ ਫਤਹਿਗੜ੍ਹ ਸਾਹਿਬ ਜਾਂ ਸ੍ਰੀ ਆਨੰਦਪੁਰ ਸਾਹਿਬ ਲਈ ਹੈ। 1908 ਦਾ ਸਾਲ ਉਹ ਸਾਲ ਸੀ ਜਦੋਂ ਸਾਡੇ ਮਹਾਨ ਜਾਂਬਾਜ਼ ਬਾਬਿਆਂ – ਸ. ਜਵਾਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਨੇ ਪਹਿਲੀ ਵਾਰ ਇਸ ਖੁੱਲ੍ਹੀ-ਡੁੱਲ੍ਹੀ ਫਿਜ਼ਾ ਵਿਚ ਸਾਹ ਲਿਆ ਅਤੇ ਸਟਾਕਟਨ ਦੇ ਐਨ ਲਾਗੇ ਇਕ ਗਊ-ਵਾੜਾ ਖਰੀਦ ਕੇ ਗੁਰੂ ਦਾ ਕੀਰਤਨ ਆਰੰਭਿਆ। ਇਸੇ ਇਤਿਹਾਸਕ ਵਰ੍ਹੇ ਇਨ੍ਹਾਂ ਬਜ਼ੁਰਗਾਂ ਨੇ ਮੌਜੂਦਾ ਸਿੱਖ ਟੈਂਪਲ ਸਟਾਕਟਨ ਵਾਲੀ ਥਾਂ 'ਤੇ ਇਕ ਛੱਪੜ ਪੂਰ ਕੇ ਕਮਰਾ ਬਣਾਇਆ ਜੋ ਹਾਲੇ ਤੱਕ ਇਥੇ ਗ੍ਰੰਥੀ ਸਿੰਘਾਂ ਦੀ ਰਿਹਾਇਸ਼ ਵਜੋਂ ਵਰਤੀਂਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕਰਕੇ ਨਿਸ਼ਾਨ ਸਾਹਿਬ ਚੜ੍ਹਾਉਂਦੇ ਸਮੇਂ ਅਮਰੀਕਨ ਪੁਲੀਸ ਤੇ ਲੋਕਾਂ ਦੀ ਡਟਵੀਂ ਵਿਰੋਧਤਾ ਵੀ ਸਾਡੇ ਬਜ਼ੁਰਗਾਂ ਨੇ ਸਹਾਰੀ। ਜੋ ਸਾਡੀਆਂ ਧਾਰਮਿਕ ਮਾਨਤਾਵਾਂ ਤੋਂ ਨਾਵਾਕਿਫ ਹੁੰਦਿਆਂ ਜ਼ੋਰ ਜ਼ਬਰ ਕਰਦੇ ਸਨ। ਇਧਰਲੇ ਚੀਫ ਖ਼ਾਲਸਾ ਦੀਵਾਨ ਤੋਂ ਵੀ ਪਹਿਲਾਂ ਸਾਡੇ ਬਾਂਕੇ ਗ਼ਦਰੀ ਜੁਝਾਰੂਆਂ ਨੇ 'ਪੈਸਿਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ' ਦੀ ਨੀਂਹ ਰੱਖੀ। ਦਿਨ ਭਰ ਦੀ ਜਾਨ ਹੂਲਵੀਂ ਮਿਹਨਤ ਉਪਰੰਤ ਮਿਲਦੀ ਕੁੱਲ ਇਕ ਡਾਲਰ ਦੀ ਮਜ਼ਦੂਰੀ ਵਿਚੋਂ ਇਹ ਸਿਰੜੀ ਤੇ ਸਿਦਕੀ ਬਾਬੇ ਘਰ ਪਰਿਵਾਰ ਲਈ ਵੀ ਬਚਾਉਂਦੇ ਤੇ ਦੇਸ਼ ਦੀ ਗ਼ੁਲਾਮੀ ਦੀਆਂ ਜੰਜ਼ੀਰਾਂ ਤੋੜਨ ਲਈ ਫੰਡ/ਚੰਦਾ ਵੀ ਦਿੰਦੇ। ਕਿੰਨੇ ਦੇਣਹਾਰ ਹਾਂ ਅਸੀਂ ਹਿੰਦਵਾਸੀ ਇਨ੍ਹਾਂ ਗ਼ਦਰੀਆਂ ਦੇ !

ਗੁਰਦੁਆਰਾ ਸਾਹਿਬ ਸਟਾਕਟਨ 1916 ਵਿਚ ਇਕ ਵੱਡੇ ਹਾਲ ਵਿਚ ਸੁਸ਼ੋਭਿਤ ਹੋਇਆ। ਉਪਰੰਤ ਵੀ ਕਈ ਅਦਲਾ-ਬਦਲੀਆਂ ਵਾਪਰੀਆਂ। ਦੇਸ਼ੋਂ ਆਉਣ ਵਾਲੇ ਨਵੇਂ ਸਾਥੀ, ਵਿਭਿੰਨ ਯਾਤਰੀ, ਸੀਜ਼ਨਲ ਕੇਨਰੀ ਕਾਮੇ ਅਤੇ ਵਿਦਿਆਰਥੀ ਹੀ ਇਥੇ ਠਾਹਰ ਹੀ ਨਹੀਂ ਸਨ ਲੈਂਦੇ ਬਲਕਿ ਇਹ ਗਦਰੀਆਂ ਦਾ ਮਸ਼ਹੂਰ ਗੜ੍ਹ ਵੀ ਸੀ। ਗ਼ਦਰੀ ਬਾਬੇ ਇਥੇ ਇਕੱਠੇ ਹੁੰਦੇ, ਸਬੀਲਾਂ ਬਣਾਉਂਦੇ। ਉਨ੍ਹਾਂ ਨੂੰ ਨੇਪਰੇ ਚਾੜ੍ਹਨ ਦੇ ਢੰਗ-ਤਰੀਕੇ ਲੱਭਦੇ। ਦਹਾਕਿਆਂ ਤੱਕ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਗੁਰਦੁਆਰਾ ਸਟਾਕਟਨ ਸਿੱਖਾਂ ਤੇ ਗ਼ਦਰੀਆਂ ਦੇ ਕੇਂਦਰ ਬਣੇ ਰਹੇ। ਦੇਸ਼ੋਂ ਆਉਣ ਵਾਲਾ ਲਗਪਗ ਹਰ ਸਿੱਖ ਪਹਿਲਾ ਸਟਾਕਟਨ ਉਤਰਦਾ। ਹਮਵਤਨੀਆਂ ਦੀ ਸੇਵਾ ਸਹਾਇਤਾ ਨਾਲ ਥੋੜ੍ਹਾ ਜਿਹਾ ਪੱਕੇ ਪੈਰੀਂ ਹੁੰਦਾ ਤੇ ਆਪਣਾ ਵੱਖਰਾ ਰੈਂਚ ਲੈ ਕੇ ਯੂਬਾ ਸਿਟੀ ਤੇ ਫਰਿਜ਼ਨੋ ਵੱਲ ਕਿਨਾਰਾ ਕਰ ਜਾਂਦਾ। ਅੱਜ ਵੀ ਇਨ੍ਹਾਂ ਸ਼ਹਿਰਾਂ-ਕਸਬਿਆਂ ਵਿਚ ਬਹੁਗਿਣਤੀ ਵੱਸੋਂ ਸਿੱਖ ਪ੍ਰਵਾਸੀਆਂ ਦੀ ਹੀ ਹੈ ਜੋ ਦਹਾਕਿਆਂ ਦੀ ਘਾਲਣਾ ਸਦਕਾ ਅੱਜ ਬਹੁਤ ਧਨਾਢ ਕਾਸ਼ਤਕਾਰ, ਬਾਗ਼ਵਾਨ, ਜ਼ਿਮੀਂਦਾਰ ਤੇ ਪੂੰਜੀਪਤੀ ਬਣ ਚੁੱਕੇ ਹਨ। ਇਥੇ ਯੂਬਾ ਸਿਟੀ ਦੇ ਬਾਗ਼ਾਂ ਬਾਰੇ ਤਾਂ ਕਦੇ ਫਿਰ ਲਿਖਾਂਗੀ ਪਰ ਇਥੇ ਵਸਦੇ ਪੂਰੇ-ਸੂਰੇ ਪੰਜਾਬ ਦੀਆਂ ਝਲਕਾਂ ਮੈਂ ਅੱਖੀਂ ਦੇਖੀਆਂ ਹਨ। ਗਲੀਆਂ, ਸੜਕਾਂ ਤੇ ਗੁਰਦੁਆਰਿਆਂ ਵਿਚ ਪੰਜਾਬੀਆਂ ਤੇ ਸਿੱਖਾਂ ਦਾ ਮਾਨੋਂ ਇਕ ਸਮੁੱਚਾ ਸੰਸਾਰ। ਰੰਗ ਬਰੰਗ ਦਸਤਾਰਾਂ, ਦੁਪੱਟਿਆਂ ਤੇ ਕੁੜਤੇ ਪਜਾਮਿਆਂ ਦੀ ਇਕ ਪੰਜਾਬ ਵਰਗੀ ਜਿਉਂਦੀ ਜਾਗਦੀ ਝਾਕੀ। ਅਸਲੀ ਰੂਪ ਵਿਚ ਖ਼ਾਲਸ ਪੰਜਾਬ। ਇਹ ਹੈ ਗੁਰਪੁਰਬਾਂ ਦਾ ਸਟਾਕਟਨ ਸਿੱਖ ਟੈਂਪਲ ਸਟਾਕਟਨ ਤੇ ਗ਼ਦਰ ਲਾਇਬਰੇਰੀ ਸਟਾਕਟਨ ਦਾ ਵਿਸ਼ੇਸ਼ ਆਕਰਸ਼ਨ ਸੀ ਆਖਰੀ ਗ਼ਦਰੀ ਬਾਬਾ ਮੱਖਣ ਸਿੰਘ ਸੰਧੂ ਜੋ 1897 ਵਿਚ ਹਿੰਦੁਸਤਾਨ ਵਿਖੇ ਪੈਦਾ ਹੋ ਕੇ ਦਸ-ਬਾਰਾਂ ਵਿਰ੍ਹਿਆਂ ਦੀ ਉਮਰੇ ਹਾਂਗਕਾਂਗ ਪੁੱਜੇ। ਜਿਸ ਬਚਪਨੇ ਵਿਚ ਉਸ ਦੇ ਬਾਲ ਸਾਥੀ ਗੁੱਡੀਆਂ ਉਡਾਉਂਦੇ ਹੋਣਗੇ ਉਹ ਹਾਂਗਕਾਂਗ ਵਿਖੇ ਗ਼ਦਰੀਆਂ ਦੇ ਸੁਨੇਹੇ ਪਹੁੰਚਾਉਣ ਦਾ ਜ਼ੋਖ਼ਮਪੂਰਨ ਕੰਮ ਕਰਨ ਲੱਗੇ ਸਨ। ਸਦੀ ਭਰ ਦੇ ਝੱਖੜਾਂ-ਤੂਫ਼ਾਨਾਂ ਅਤੇ ਹੁਨਾਲਾਂ ਸਿਆਲਾਂ ਦੇ ਗਵਾਹ ਬਾਬਾ ਸੰਧੂ ਅੰਤ ਤੱਕ ਗ਼ਦਰ ਲਹਿਰ ਦਾ ਇਕ ਜਿਉਂਦਾ ਜਾਗਦਾ ਸਬੂਤ ਸਨ। ਇਕ ਬਹੁ-ਮੁੱਲਾ ਤੇ ਫ਼ਖ਼ਰਯੋਗ ਦਸਤਾਵੇਜ਼। ਅੰਤ ਤੱਕ ਉਹ ਇਤਿਹਾਸਕ ਮਿੱਟੀ

ਨਾਲ ਉਸੇ ਸ਼ਿੱਦਤ ਨਾਲ ਜੁੜੇ ਰਹੇ ਜਿਹੜਾ ਹਰ ਐਤਵਾਰੀ ਦੀਵਾਨ ਦੀ ਹਾਜ਼ਰੀ ਭਰਦੇ ਸਨ। ਸਵੇਰ ਦੇ ਨੌਂ ਵਜੇ ਤੋਂ ਤ੍ਰਿਕਾਲਾਂ ਦੇ ਛੇ ਵਜੇ ਤੱਕ ਉਸੇ ਪੁਰਾਣੀ ਕੁਰਸੀ 'ਤੇ ਬੈਠੇ ਬਾਬਾ ਸੰਧੂ ਪਤਾ ਨਹੀਂ ਕਿਹੜੀਆਂ ਹੋਈਆਂ ਬੀਤੀਆਂ ਨੂੰ ਚਿਤਵਦੇ ਤੇ ਮਹਿੰਗੇ ਮੁੱਲ ਮਿਲੀ ਆਜ਼ਾਦੀ ਦੀ ਬਰਬਾਦੀ 'ਤੇ ਹੰਝੂ ਕੇਰਦੇ ਸਨ। ਘੰਟਿਆਂ ਬੱਧੀ ਇਤਿਹਾਸਕ ਗੱਲਾਂ ਕਰਦੇ ਬਾਬਾ ਜੀ ਲਾਲਾ ਹਰਦਿਆਲ ਬਾਰੇ ਕਈ ਸਨਸਨਖੇਜ਼ ਤੱਥਾਂ ਦੀ ਜਾਣਕਾਰੀ ਵੀ ਦਿੰਦੇ ਸਨ।

ਸਟਾਕਟਨ ਦੀ ਇਸ ਪੂਜਨੀਕ ਸਰਜ਼ਮੀ 'ਤੇ ਬੈਠ ਕੇ ਮੇਰਾ ਮਨ ਵੀ ਅਤੀਤ ਦੀਆਂ ਉਨ੍ਹਾਂ ਵਾਦੀਆਂ ਵਿਚ ਘੁੰਮਣ ਲੱਗਾ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਪਹਿਲੇ ਵਿਸ਼ਵ ਯੁੱਧ ਸਮੇਂ ਅੰਗਰੇਜ਼ਾਂ ਦੀ ਪਿੱਠ ਪੂਰ ਰਹੀ ਸੀ ਤੇ ਗਾਂਧੀ ਜੀ ਤੇ ਤਿਲਕ ਆਦਿ ਉਨ੍ਹਾਂ ਨੂੰ ਹਰ ਪ੍ਰਕਾਰੀ ਸੇਵਾ ਦਾ ਭਰੋਸਾ ਦਿਵਾ ਰਹੇ ਸਨ। ਚੀਫ ਖ਼ਾਲਸਾ ਦੀਵਾਨ ਬਰਤਾਨਵੀ ਸਰਕਾਰ ਦੀ ਮੱਦਦ 'ਤੇ ਸੀ। ਗੁਰਦੁਆਰੇ, ਮੰਦਰ ਤੇ ਮਸੀਤਾਂ ਅੰਗਰੇਜ਼ਾਂ ਦੀ ਜਿੱਤ ਦੀਆਂ ਦੁਆਵਾਂ ਕਰ ਰਹੇ ਸਨ। ਉਦੋਂ ਵੀ ਇਹ ਸਿਰਲੱਥ ਯੋਧੇ ਤੇ ਗ਼ਦਰੀ ਸੂਰਮੇ ਸਮੁੰਦਰੀ ਜਹਾਜ਼ਾਂ 'ਤੇ ਅਸਲਾ ਚੁੱਕੀ ਫਿਰਦੇ ਅਕਹਿ ਤੇ ਅਸਹਿ ਕਸ਼ਟ ਝੱਲ ਰਹੇ ਸਨ। ਗ਼ਦਰ ਪਾਰਟੀ ਦੀ ਰੀੜ੍ਹ ਦੀ ਹੱਡੀ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਇਸ ਸਮੇਂ ਜੇਲੀਂ ਡੱਕੇ ਗਏ। ਜਿਨ੍ਹਾਂ ਵਤਨੀਆਂ ਲਈ ਉਹ ਦਰ-ਬ-ਦਰ ਹੋਏ, ਭੁੱਖੇ ਪਿਆਸੇ ਰਹੇ, ਘਰ ਗ੍ਰਿਹਸਥੀਆਂ ਰੋਲੀਆਂ, ਉਨ੍ਹਾਂ ਹੀ ਵਤਨੀਆਂ ਨੇ ਉਨ੍ਹਾਂ ਦਾ ਸਾਥ ਨਹੀਂ ਦਿੱਤਾ।

ਕੇਹੀ ਵਿਡੰਬਨਾ ਹੈ ਸਾਡੇ ਗਦਰੀਆਂ ਦੀ ! ਕਿੰਨਾ ਹਿਰਦੇਵੇਧਕ ਸੱਚ ਹੈ ਇਹ ! ਕਾਸ਼ ! ਇਨ੍ਹਾਂ ਦੀ ਸੱਚੀ ਦੇਸ਼ ਭਗਤੀ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿਚ ਉਕਰੀ ਜਾਂਦੀ !

ਅੱਜ ਭਾਵੇਂ ਲੱਖਾਂ, ਕਰੋੜਾਂ ਡਾਲਰਾਂ ਦੀ ਲਾਗਤ ਨਾਲ ਨਿਹਾਇਤ ਖ਼ੂਬਸੂਰਤ ਗੁਰਦੁਆਰੇ ਵਿਦੇਸ਼ੀ ਧਰਤੀਆਂ 'ਤੇ ਤਾਮੀਰ ਹੋ ਚੁੱਕੇ ਸਨ ਪ੍ਰੰਤੂ ਕੈਲੇਫੋਰਨੀਆਂ ਦੇ ਇਸ ਪਾਵਨ ਧਾਮ 'ਤੇ ਸੁਸ਼ੋਭਿਤ 'ਗਦਰ ਲਾਇਬਰੇਰੀ ਸਟਾਕਟਨ' ਦੀ ਇਤਿਹਾਸਕਤਾ, ਸੱਭਿਆਚਾਰਕਤਾ ਤੇ ਵਿਲੱਖਣਤਾ ਦੇ ਤੁੱਲ ਹੋਰ ਕੋਈ ਧਰਤੀ ਨਹੀਂ ਖੜ੍ਹ ਸਕਦੀ। ਇਸ ਵਿਚ ਦਫਨ ਇਤਿਹਾਸ ਦੇ ਉਹ ਵਲੂੰਧਰੇ ਵੇਰਵੇ ਨਾਸ਼ੁਕਰੇ ਹਿੰਦਵਾਸੀਆਂ ਨੂੰ ਤਾਂ ਭਾਵੇਂ ਵਿਸਰੇ ਰਹਿਣ ਪ੍ਰੰਤੂ ਦੇਸ਼-ਵਿਦੇਸ਼ ਰੁਲਦਿਆਂ ਤੇ ਜਾਨਾਂ ਹੂਲਦਿਆਂ ਜੋ ਅਣਹੋਣੀਆਂ ਇਨ੍ਹਾਂ ਨੇ ਹੋਣੀਆਂ ਵਿਚ ਬਦਲੀਆਂ ਉਹ ਕਦੇ ਵਿਸ਼ਵ ਇਤਿਹਾਸ ਦੇ ਅਨੂਠੇ ਕਾਂਡ ਦਾ ਅੰਗ ਜ਼ਰੂਰ ਬਣਨਗੀਆਂ। ਨਿਰਸੰਦੇਹ, ਅੱਜ ਵੀ ਸਟਾਕਟਨ ਵਿਖੇ ਗ਼ਦਰੀ ਬਾਬਿਆਂ ਦੀ ਆਤਮਾ ਦਾ ਨਿਵਾਸ ਹੈ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

ਮੋਬਾਇਲ ਨੰ:-73470-65188

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਖੇਤਰ ਵਿਚ ਐਂਬੂਲੈਂਸ ਕਮ ਕਲੀਨਿਕਲ ਟੈਸਟਿੰਗ ਮੋਬਾਇਲ ਵੈਨ ਵੱਲੋਂ ਜਲੰਧਰ ਅਤੇ ਕਪੂਰਥਲਾ ਦੇ ਵੱਖ-ਵੱਖ ਥਾਵਾਂ ’ਤੇ ਲਗਾਏ ਗਏ ਫ੍ਰੀ ਟੈਸਟਿੰਗ ਕੈਂਪਾਂ ਦਾ ਵੇਰਵਾ



ਫਾਊਂਡੇਸ਼ਨ ਵੱਲੋਂ ਉਪਰੋਕਤ ਚਲਾਈ ਜਾ ਰਹੀ ਵੈਨ ਦੇ ਪ੍ਰਬੰਧ ਨੂੰ ਚਲਾਉਣ ਲਈ ਬਣਾਈ ਕਮੇਟੀ ਜਿਸ ਵਿਚ ਸ. ਪ੍ਰੀਤਮ ਸਿੰਘ ਨਾਰੰਗਪੁਰ, ਸਤਪਾਲ ਸਿੰਘ ਮੁਲਤਾਨੀ, ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਸ. ਪਰਮਿੰਦਰਜੀਤ ਸਿੰਘ, ਸ. ਜਸਵਿੰਦਰ ਸਿੰਘ ਬਿੱਲਾ ਕੌਂਸਲਰ, ਸ. ਸੁਖਵਿੰਦਰ ਸਿੰਘ ਬਿੱਲਾ ਅਤੇ ਪ੍ਰਿੰ. ਟਹਿਲ ਸਿੰਘ। ਵੈਨ ਵੱਲੋਂ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਸ਼ਹਿਰ ਅਤੇ ਪਿੰਡਾਂ ਵਿਚ ਅਲੱਗ-ਅਲੱਗ ਥਾਵਾਂ ’ਤੇ ਕੈਂਪ ਲਗਾਏ ਗਏ ਜਿਸ ਵਿਚ ਲਗਭਗ 150 ਮਰੀਜ਼ਾਂ ਦੇ ਖ਼ੂਨ ਦੇ ਟੈਸਟ ਕੀਤੇ ਗਏ। ਫੋਟੋ - ਜੋਗਿੰਦਰ ਸਿੰਘ ਅਜੈਬ










# ਕਾਵਿ-ਕਿਆਰੀ



## ਕਵਿਤਾ

## ਪੇਕੇ



ਰਿਸ਼ਤੇ ਪੁਰਾਣੇ ਹੁੰਦੇ ਹਨ
ਪਰ ਰਿਸ਼ਤਾ ਪੁਰਾਣਾ ਨਹੀਂ ਹੁੰਦਾ
ਜਦੋਂ ਵੀ ਜਾਓ ਅਲਾ ਬਲਾ ਟਲ ਜਾਏ
ਇਹ ਦੁਆ ਮੰਗੀ ਜਾਂਦੀ ਹੈ
ਏਥੇ ਉੱਥੇ ਬਚਪਨ ਦੇ ਕਤਰੇ ਵਿਖਰੇ ਹੁੰਦੇ ਹਨ
ਕਿਤੇ ਹਾਸਾ, ਕਿਤੇ ਖੁਸ਼ੀ, ਕਿਤੇ ਹੰਝੂ ਸਿਮਟੇ ਹੁੰਦੇ ਹਨ
ਬਚਪਨ ਦਾ ਗਿਲਾਸ ਕਟੋਰੀ
ਖਾਣੇ ਦਾ ਸੁਆਦ ਵਧਾ ਦਿੰਦੇ ਨੇ
ਐਲਬੰਮ ਦੀਆਂ ਤਸਵੀਰਾਂ ਕਈ ਕਿੱਸੇ ਯਾਦ ਦਵਾ ਦਿੰਦੇ ਨੇ
ਸਮਾਨ ਕਿੰਨਾ ਵੀ ਸਮੇਟੀਏ ਕੁਝ ਨਾ ਕੁਝ ਛੁੱਟ ਜਾਂਦਾ ਹੈ
ਸਭ ਧਿਆਨ ਨਾਲ ਰੱਖ ਲੈਣਾ
ਹਿਦਾਇਤ ਪਿਤਾ ਦੀ
ਕਿੱਦਾਂ ਕਹਾਂ ਸਮਾਨ ਤਾਂ ਨਹੀਂ
ਪਰ ਦਿਲ ਦਾ ਇੱਕ ਹਿੱਸਾ ਛੁੱਟ ਜਾਂਦਾ ਹੈ
ਆਉਂਦੇ ਵਕਤ ਮਾਂ ਝੋਲੀ ਮੇਵਿਆਂ ਨਾਲ ਭਰ ਦਿੰਦੀ ਹੈ
ਖੁਸ਼ ਰਹਿਣਾ ਕਹਿਕੇ ਆਪਣੀ ਬੁਕਲ ਵਿਚ ਭਰ ਲੈਂਦੀ ਹੈ
ਆ ਜਾਂਦੀ ਹਾਂ ਮੁਸਕੁਰਾ ਕੇ ਮੈਂ ਵੀ ਕੁਝ ਨਾ ਕੁਝ ਛੱਡਕੇ ਆਪਣਾ
ਰਿਸ਼ਤੇ ਪੁਰਾਣ ਹੁੰਦੇ ਹਨ ਪਰ ਪੇਕਾ ਪੁਰਾਣਾ ਨਹੀਂ ਹੁੰਦਾ
ਉਸ ਦੇਹਰੀ ਨੂੰ ਛੱਡਣਾ ਹਰ ਵਾਰ ਆਸਾਨ ਨਹੀਂ ਹੁੰਦਾ

**ਹਰਪ੍ਰੀਤ ਕੌਰ ਪੇਲੀਆ**

*****

## ਸ਼ੇਅਰ ਬਾਜ਼ਾਰ



ਆਉਦਾ ਸਮਾਂ ਸੁਖਾਲਾ ਹੋ ਜਾਏ
ਇਕ ਤਰਕੀਬ ਬਣਾਈ।
ਪੈਸਾ ਲਾਉਣਾ ਪਵੇ ਨਾ ਇਕ ਵੀ
ਮੋਟੀ ਹੋਏ ਕਮਾਈ।

ਮਾੜੀ ਕਿਸਮਤ ਸ਼ੇਅਰ ਬਾਜ਼ਾਰ ਤੇ
ਜਾਂ ਮੈਂ ਨਜ਼ਰ ਟਿਕਾਈ।
ਜਲਦੀ ਲੈ ਲੋ ਤੇ ਫਿਰ ਵੇਚੋ
ਸ਼ੇਅਰਾਂ ਕੀਤੀ ਚੜ੍ਹਾਈ।

ਕਦੀ ਫਾਇਦਾ ਤੇ ਨੁਕਸਾਨ
ਦਲ ਦਲ ਵਿੱਚ ਗਿਆ ਫਸ।
ਜਿਉਂ-ਜਿਉਂ ਕੋਸ਼ਿਸ਼ ਕਰਾਂ ਨਿਕਲਣ ਦੀ
ਤਿਉਂ ਤਿਉਂ ਜਾਵਾਂ ਧਸ।
ਦਿਲ ਦਿਮਾਗ਼ ਤਾਂ ਇਉਂ ਹੋ ਗਿਆ
ਜਿਵੇਂ ਫੁੱਲ ਵਿੱਚ ਹੈ ਨਹੀਂ ਰੱਸ।

ਸ਼ਾਂਤ ਚਿਤ ਹੋ ਬੈਠ ਸੋਚਿਆ
ਇਹ ਕੀ ਜਿਹਮਤ ਪਾ ਲਈ।
ਰਹਿੰਦੀ ਜ਼ਿੰਦਗੀ ਸੋਖੀ ਹੋ ਜਾਏ
ਉਲਟਾ ਨਰਕ ਬਣਾ ਲਈ।

ਘਰ ਦੇ ਹਾਲਾਤ ਨਹੀਂ ਜੇ ਚੰਗੇ
ਉਹਦਾ ਹੱਲ ਕੋਈ ਲੱਭ ਲੈ।
ਅਧੀ ਖਾ ਲੈ ਸੁੱਕੀ ਖਾ ਲੈ
ਤੰਗੀ ਦੇ ਨਾਲ ਯਬ ਲੈ।

ਇਸ ਕੰਮ ਤੋਂ ਕਰ ਤੋਬਾ 'ਦਰਦੀ'
ਮੁੜ ਕੇ ਹੱਥ ਨਾ ਲਾਈ।
ਰਹਿੰਦੇ ਕੰਮ ਉਸ ਉੱਤੇ ਛੱਡ ਦੇ
ਭਲਾ ਕਰੇਗਾ ਸਾਂਈ।

**ਧੰਨਵਾਦ ਸਾਹਿਤ ਦਰਸ਼ਨ ਸਿੰਘ ਦਰਦੀ**
**ਦੂਰਦਰਸ਼ਨ ਇਨਕਲੇਵ ਫੇਸ-1, ਜਲੰਧਰ**
**ਮੋ. 98721 57495**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਕੈਪਸੂਲ ਰਾਹੀਂ ਸਰੀਰ ਦੀ ਸੈਰ

> "'ਬੱਚਿਆ ਘਾਹ ਨ੍ਹੀਂ ਐ, ਵਾਲ ਨੇ। ਧਿਆਨ ਨਾਲ ਵੇਖੋ ਕੁਦਰਤ ਦੀ ਕਾਰੀਗਰੀ। ਹਰ ਇਕ ਸੈੱਲ ਉੱਤੇ 200 ਬਾਰੀਕ ਵਾਲ ਨੇ। ਸਾਰੇ ਰਾਹ ਉੱਤੇ ਅਰਬਾਂ ਦੀ ਗਿਣਤੀ 'ਚ ਸੈੱਲ ਨੇ। ਹਰ ਵਾਲ ਬਾਹਰ ਵੱਲ ਨੂੰ ਰੇਸ਼ਾ (ਮਿਊਕਸ) ਧੱਕਦਾ ਪਿਐ। ਆਹ ਵੇਖੋ ਨਿੱਕੇ-ਨਿੱਕੇ ਮਿੱਟੀ ਘੱਟੇ ਦੇ ਕਣ। ਮਿਊਕਸ ਨੇ ਇਨ੍ਹਾਂ ਨੂੰ ਲਪੇਟ ਲਿਐ ਤੇ ਵਾਲ ਬਾਹਰ ਉਤਾਂਹ ਵੱਲ ਧੱਕ ਰਹੇ ਨੇ। ਨੱਕ ਕੋਲ ਪਹੁੰਚ ਕੇ ਵਾਲ ਹੇਠਾਂ ਬਾਹਰ ਧੱਕਣਾ ਸ਼ੁਰੂ ਕਰ ਦਿੰਦੇ ਨੇ', ਹਰਸ਼ ਮਾਸੀ ਨੇ ਸਮਝਾਇਆ।"

ਨਵੀਆਂ ਖੋਜਾਂ ਤਹਿਤ ਬਣੇ ਬਾਰੀਕ ਕੈਪਸੂਲ ਵਿਚ ਸਾਰੇ ਬੱਚੇ ਮਹੀਨ ਸਾਈਜ਼ ਦੇ ਬਣ ਕੇ ਹਰਸ਼ ਮਾਸੀ ਨਾਲ ਫੇਫੜਿਆਂ ਅੰਦਰ ਸੈਰ ਕਰਨ ਤੁਰ ਪਏ। ਜਿਉਂ ਹੀ ਨੱਕ ਰਾਹੀਂ ਅੰਦਰ ਵੜੇ ਤਾਂ ਕੈਪਸੂਲ ਨਿੱਕੇ-ਨਿੱਕੇ ਵਾਲਾਂ ਵਿਚ ਫਸ ਗਿਆ!

ਨਾਨੂ ਝੱਟ ਬੋਲ ਪਿਆ, 'ਏਨਾ ਸੰਘਣਾ ਜੰਗਲ! ਕਿੰਨਾ ਉੱਚਾ-ਉੱਚਾ ਘਾਹ ਲੱਗਿਆ ਪਿਐ! ਹੁਣ ਕਿਵੇਂ ਬਾਹਰ ਨਿਕਲਾਂਗੇ। ਆਪਾਂ ਫਸ ਗਏ।'

'ਨ੍ਹੀਂ ਬੱਚਿਆ ਘਬਰਾਉਣ ਦੀ ਲੋੜ ਨ੍ਹੀਂ', ਹਰਸ਼ ਮਾਸੀ ਨੇ ਸਮਝਾਇਆ, 'ਇਹ ਨੱਕ ਅੰਦਰਲੀ ਮਹੀਨ ਪਰਤ ਐਪੀਥੀਲੀਅਮ ਦੇ ਸੈੱਲਾਂ ਉੱਤੇ ਲੱਗੇ ਬਹੁਤ ਬਾਰੀਕ ਵਾਲ ਨੇ। ਆਪਾਂ ਸਾਰੇ ਛੋਟੇ ਸਾਈਜ਼ ਦੇ ਹੋ ਗਏ ਆਂ, ਤਾਂ ਈ ਤੁਹਾਨੂੰ ਇਹ ਨਿੱਕੇ ਵਾਲ ਏਨੇ ਲੰਮੇ ਲੱਗਦੇ ਪਏ ਨੇ। ਜਿਉਂ ਜਿਉਂ ਅੱਗੇ ਫੇਫੜੇ 'ਚ ਜਾਵਾਂਗੇ, ਵੇਖਿਓ ਹੋਰ ਕਮਾਲ ਦੇ ਵਾਲ ਦਿਸਣਗੇ'।

ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783



'ਫੇਫੜਿਆਂ 'ਚ ਵਾਲ', ਜੀਵ ਹੱਸਦਾ ਹੋਇਆ ਬੋਲਿਆ, 'ਮਾਸੀ ਜੀ ਮਜ਼ਾਕ ਕਰਦੇ ਓ ਨਾ। ਸਿਰ ਉੱਤੇ ਵਾਲ ਹੁੰਦੇ ਨੇ। ਨੱਕ 'ਚ ਵੀ ਹੁੰਦੇ ਨੇ, ਪਰ ਫੇਫੜਿਆਂ ਅੰਦਰ ਥੋੜ੍ਹਾ ਹੁੰਦੇ ਨੇ।'

'ਚਲੋ ਅੱਗੇ ਚੱਲਦੇ ਆਂ, ਫੇਰ ਵੇਖਿਓ', ਹਰਸ਼ ਮਾਸੀ ਮੁਸਕੁਰਾਈ।

'ਮਾਸੀ ਜੀ, ਪਰਤ ਦਾ ਕੀ ਨਾਂਅ ਦੱਸਿਆ ਸੀ।' ਸੁਖੀ ਨੇ ਪੁੱਛਿਆ।

'ਐਪੀਥੀਲੀਅਮ', ਹਰਸ਼ ਮਾਸੀ ਨੇ ਦੱਸਿਆ, 'ਆਹ ਪਤਾ ਜੇ ਆਪਣੇ ਕੈਪਸੂਲ ਦੇ ਬਾਹਰ ਕੀ ਚਿਪਕਦਾ ਪਿਐ।'

'ਲੇਸ ਜਿਹੀ ਐ', ਹਿੱਤੀ ਬੋਲਿਆ, 'ਆਏ ਹਾਏ ਨੱਕ ਅੰਦਰਲਾ ਸੀਂਢ, ਨਿਰਾ ਗੰਦ!'

'ਬੱਚਿਓ! ਇਹ ਮਿਊਕਸ ਐ, ਜਿਹੜਾ ਐਪੀਥੀਲੀਅਮ ਵਿਚਲੇ ਗੋਬਲੈੱਟ ਸੈੱਲ ਅਤੇ ਸਬਮਿਊਕੋਜ਼ਲ ਗਲੈਂਡ ਵਿਚੋਂ ਨਿਕਲਦੈ', ਹਰਸ਼ ਮਾਸੀ ਨੇ ਸਮਝਾਇਆ।

'ਮਾਸੀ ਜੀ ਕੁਝ ਵੀ ਸਮਝ ਨਹੀਂ ਆਇਆ। ਏਨੇ ਔਖੇ ਨਾਂਅ', ਹੈਰੀ ਬੋਲ ਪਿਆ।

'ਐਪੀਥੀਲੀਅਮ ਹੋਈ ਪਤਲੀ ਪਰਤ। ਉਸ ਦੇ ਹੇਠਾਂ ਦੱਬੇ ਸਬ-ਮਿਊਕੋਜ਼ਲ ਗਲੈਂਡ ਜੋ ਮਿਊਕਸ ਤਰਲ ਕੱਢਦੇ ਨੇ ਅਤੇ ਕੁਝ ਘੜੇ ਵਰਗੇ ਗੋਬਲੈੱਟ ਸੈੱਲ ਵੀ ਇਹੋ ਤਰਲ ਕੱਢਦੇ ਨੇ। ਇਨ੍ਹਾਂ ਦਾ ਕੰਮ ਹੁੰਦੈ ਕਿ ਨੱਕ ਤੋਂ ਲੈ ਕੇ ਫੇਫੜੇ ਦੇ ਅਖ਼ੀਰਲੇ ਹਿੱਸੇ ਤੱਕ ਦੀਆਂ ਸਾਹ ਦੀਆਂ ਨਾਲੀਆਂ ਨੂੰ ਕੀਟਾਣੂਆਂ ਤੇ ਗੰਦ ਬਲਾ ਤੋਂ ਬਚਾਉਣਾ। ਇਹ ਸਾਰੀਆਂ ਸਾਹ ਦੀਆਂ ਨਾਲੀਆਂ ਨੂੰ ਜ਼ਖ਼ਮੀ ਹੋਣ ਤੋਂ ਬਚਾਉਣ ਲਈ ਤਰਲ ਰੱਖਦੇ ਨੇ। ਇਹੀ ਤਰਲ ਜੋ ਹੁਣ ਸਾਡੇ ਕੈਪਸੂਲ ਬਾਹਰ ਚਿਪਕ ਰਿਹੈ, ਕੀਟਾਣੂਆਂ ਨੂੰ ਫਸਾ ਕੇ ਫੇਫੜਿਆਂ 'ਚੋਂ ਬਾਹਰ ਕੱਢਣ 'ਚ ਮਦਦ ਕਰਦੈ', ਗੁਰਪਾਲ ਮਾਸੜ ਜੀ ਬੋਲੇ।

'ਨੱਕ ਅੰਦਰ ਘੜੇ', ਨਾਨੂ ਹੱਸ-ਹੱਸ ਕੇ ਲੋਟਪੋਟ ਹੋ ਗਿਆ। ਹਰਸ਼ ਮਾਸੀ ਮੁਸਕੁਰਾ ਕੇ ਬੋਲੀ, 'ਘੜੇ ਨ੍ਹੀਂ ਘੜੇ ਵਰਗੇ ਸੈੱਲ ਨੇ ਜੋ ਤਰਲ ਕੱਢਦੇ ਨੇ।'

'ਤਰਲ ਕੀਟਾਣੂ ਬਾਹਰ ਕਿਵੇਂ ਕੱਢਦੈ', ਜੀਵ ਨੇ ਪੁੱਛਿਆ। 'ਅੱਗੇ ਚੱਲ ਕੇ ਵੇਖਿਓ, ਪਹਿਲਾਂ ਹੁਣ ਇਸ ਮਿਊਕਸ 'ਚੋਂ ਨਿਕਲੀਏ, ਨ੍ਹੀਂ ਤਾਂ ਵਾਲਾਂ ਨੇ ਧੱਕ ਕੇ ਨੱਕ 'ਚੋਂ ਬਾਹਰ ਕੱਢ ਦੇਣੈ', ਗੁਰਪਾਲ ਮਾਸੜ ਜੀ ਨੇ ਕੈਪਸੂਲ ਅੰਦਰੋਂ ਪਾਣੀ ਦੀ ਧਾਰ ਮਾਰੀ ਤਾਂ ਉਹ ਜ਼ੋਰ ਦੀ ਨਿਕਲ ਪਈ। ਬੰਦੇ ਨੇ ਝੱਟ ਨਿੱਛ ਮਾਰੀ ਤੇ ਸਾਰੇ ਕੈਪਸੂਲ ਸਮੇਤ ਬਾਹਰ ਨਿਕਲ ਗਏ। ਦੁਬਾਰਾ ਫੇਰ ਗੁਰਪਾਲ ਮਾਸੜ ਜੀ ਧਿਆਨ ਨਾਲ ਕੈਪਸੂਲ ਨੂੰ ਉਡਾਉਂਦੇ ਹੋਏ ਤੇ ਨੱਕ ਦੇ ਵਾਲਾਂ ਤੋਂ ਬਚਦੇ-ਬਚਾਉਂਦੇ ਅੰਦਰ ਗਲੇ ਤੱਕ ਪਹੁੰਚ ਗਏ!

ਜਿਉਂ ਹੀ ਕੈਪਸੂਲ ਗਲੇ ਤੱਕ ਪਹੁੰਚਿਆ ਤਾਂ ਝਟਪਟ ਸਾਹ ਦੀ ਨਾਲੀ ਦਾ ਢੱਕਣ ਹੇਠਾਂ ਹੋ ਕੇ ਬੰਦ ਹੋਣ ਨੂੰ ਹੋਇਆ।

'ਆਹ ਕੀ ਹੋਇਆ', ਨਾਨੂ ਘਬਰਾ ਕੇ ਬੋਲਿਆ। 'ਬੱਚਿਓ! ਇਹ ਕੁਦਰਤ ਦੀ ਕਮਾਲ ਦੀ ਕਾਰੀਗਰੀ ਐ। ਜਿਉਂ ਈ ਥੁੱਕ ਲੰਘਾਓ, ਇਸ ਨੂੰ ਸਾਹ ਵਾਲੇ ਪਾਸੇ ਜਾਣ ਤੋਂ ਰੋਕਣ ਲਈ 'ਐਪੀਗਲੌਟਿਸ' ਇਕ ਢੱਕਣ ਵਾਂਗ ਸਾਹ ਦੀ ਨਾਲੀ ਰਾਹ ਬੰਦ ਕਰ ਦਿੰਦੈ ਤਾਂ ਜੋ ਥੁੱਕ ਢਿੱਡ ਅੰਦਰ ਲੰਘ ਜਾਏ। ਇੰਜ ਈ ਕੀਟਾਣੂ ਵੀ ਸਾਹ ਦੀ ਨਾਲੀ 'ਚ ਵੜਨ ਦੀ ਥਾਂ ਢਿੱਡ ਵਿਚਲੇ ਏਸਿਡ 'ਚ ਪਹੁੰਚ ਕੇ ਮਰ ਜਾਂਦੇ ਨੇ', ਗੁਰਪਾਲ ਮਾਸੜ ਜੀ ਨੇ ਸਮਝਾਇਆ।

'ਹਾਏ ਰੱਬਾ, ਹੁਣੇ ਮਰ ਜਾਣਾ ਸੀ ਏਸਿਡ 'ਚ ਪਹੁੰਚ ਕੇ', ਸੁੱਖੀ ਘਬਰਾ ਕੇ ਬੋਲੀ, 'ਅਸੀਂ ਤਾਂ ਬਾਰੀਕ ਕੀਟਾਣੂਆਂ ਦੇ ਸਾਈਜ਼ ਦੇ ਹੋਏ ਪਏ ਆਂ।ਅਸੀਂ ਵੀ ਘੁਲ ਕੇ ਮਰ ਜਾਣਾ ਸੀ'।

'ਘਬਰਾਉਂਦੇ ਕਿਉਂ ਓ।ਆਪਣੇ ਕੈਪਸੂਲ ਦੇ ਬਾਹਰ ਏਸਿਡ ਤੋਂ ਬਚਣ ਲਈ ਵੀ ਲੇਪ ਲਾਇਆ ਹੋਇਐ', ਹਰਸ਼ ਮਾਸੀ ਨੇ ਬੱਚਿਆਂ ਦਾ ਡਰ ਦੂਰ ਕਰਨ ਲਈ ਦੱਸਿਆ, 'ਆਹ ਲਓ, ਐਪੀਗਲੌਟਿਸ ਉਤਾਂਹ ਹੋ ਗਿਆ ਤੇ ਆਪਾਂ ਚੱਲੇ ਗਲੇ ਰਾਹੀਂ ਫੇਫੜੇ ਵੱਲ!'

'ਉਈ ਰੱਬਾ ਏਨੀ ਤੇਜ਼!ਹਾਏ ਕਿੰਨਾ ਨੇਰ੍ਹਾ ਐ ਏਥੇ', ਨਾਨੂ ਕੂਕਿਆ।

'ਆਹ ਲਓ ਬੇਟਾ, ਮੈਂ ਰੌਸ਼ਨੀ ਕਰ 'ਤੀ, ਹੁਣ ਵੇਖੋ ਨਜ਼ਾਰਾ ਬਾਹਰ। ਆਪਾਂ ਏਸ ਵੇਲੇ ਗਲੇ 'ਚੋਂ ਹੇਠਾਂ ਫੇਫੜੇ ਵੱਲ ਜਾ ਰ੍ਹੇ।ਆਂ', ਗੁਰਪਾਲ ਮਾਸੜ ਜੀ ਨੇ ਕੈਪਸੂਲ ਦੇ ਬਾਹਰ ਲੱਗੀ ਲਾਈਟ ਦਾ ਸਵਿਚ ਜਗਾ ਕੇ ਦੱਸਿਆ।

'ਏਨਾ ਲੰਮਾ ਘਾਹ ਤੇ ਗਾੜ੍ਹਾ ਰੇਸ਼ਾ', ਹੈਰੀ ਵੇਖ ਕੇ ਘਬਰਾ ਗਿਆ।

'ਬੱਚਿਆ ਘਾਹ ਨ੍ਹੀਂ ਐ, ਵਾਲ ਨੇ। ਧਿਆਨ ਨਾਲ ਵੇਖੋ ਕੁਦਰਤ ਦੀ ਕਾਰੀਗਰੀ। ਹਰ ਇਕ ਸੈੱਲ ਉੱਤੇ 200 ਬਾਰੀਕ ਵਾਲ ਨੇ। ਸਾਰੇ ਰਾਹ ਉੱਤੇ ਅਰਬਾਂ ਦੀ ਗਿਣਤੀ 'ਚ ਸੈੱਲ ਨੇ। ਹਰ ਵਾਲ ਬਾਹਰ ਵੱਲ ਨੂੰ ਰੇਸ਼ਾ (ਮਿਊਕਸ) ਧੱਕਦਾ ਪਿਐ। ਆਹ ਵੇਖੋ ਨਿੱਕੇ-ਨਿੱਕੇ ਮਿੱਟੀ ਘੱਟੇ ਦੇ ਕਣ। ਮਿਊਕਸ ਨੇ ਇਨ੍ਹਾਂ ਨੂੰ ਲਪੇਟ ਲਿਐ ਤੇ ਵਾਲ ਬਾਹਰ ਉਤਾਂਹ ਵੱਲ ਧੱਕ ਰਹੇ ਨੇ।ਨੱਕ ਕੋਲ ਪਹੁੰਚ ਕੇ ਵਾਲ ਹੇਠਾਂ ਬਾਹਰ ਧੱਕਣਾ ਸ਼ੁਰੂ ਕਰ ਦਿੰਦੇ ਨੇ', ਹਰਸ਼ ਮਾਸੀ ਨੇ ਸਮਝਾਇਆ।

'ਧਿਆਨ ਨਾਲ ਮਾਸੜ ਜੀ, ਆਪਣਾ ਕੈਪਸੂਲ ਵਾਲਾਂ ਦੇ ਸਿਰੇ ਨਾਲ ਨਾ ਲੱਗ 'ਜੇ ਕਿਤੇ।ਹੁਣੇ ਰੇਸ਼ੇ ਨੇ ਸਾਨੂੰ ਫੜ ਕੇ ਉਤਾਂਹ ਭੇਜ ਦੇਣੈ', ਹਿੱਤੀ ਨੇ ਖ਼ਤਰਾ ਭਾਂਪਦਿਆਂ ਗੁਰਪਾਲ ਮਾਸੜ ਜੀ ਨੂੰ ਖ਼ਬਰਦਾਰ ਕੀਤਾ।

'ਇਹ ਵਾਲ ਕਿੰਨੀ ਤੇਜ਼ੀ ਨਾਲ ਹਿਲ ਰਹੇ ਨੇ', ਸੁਖੀ ਬੋਲ ਪਈ।

'ਪੱਖਾ ਝੱਲਦੇ ਪਏ ਨੇ, ਕਿੰਨਾ ਨ੍ਹੇਰਾ ਐ ਏਥੇ। ਬਾਹਰ ਗਰਮੀ ਵੀ ਹੋਏਗੀ', ਨਾਨੂ ਸਹਿਮਿਆ ਹੋਇਆ ਬੋਲਿਆ।

'ਹਰ ਸਕਿੰਟ 'ਚ ਵੀਹ ਵਾਰ ਇਹ ਵਾਲ ਜਾਂ ਸਿਲੀਆ ਹਿੱਲਦੇ ਨੇ।ਇਹ ਹੈ ਕੁਦਰਤੀ ਸਫ਼ਾਈ ਜੋ ਆਖ਼ਰੀ ਸਾਹ ਤੱਕ ਸਰੀਰ ਕਰਦਾ ਰਹਿੰਦੈ! ਵੇਖਿਆ ਕੁਦਰਤ ਨੇ ਸਰੀਰ ਅੰਦਰ ਕੀ ਕਮਾਲ ਕੀਤਾ ਹੋਇਐ। ਇੰਜ ਹਿੱਲਦੇ ਰਹਿਣ ਨਾਲ ਹਰ ਮਿੰਟ 'ਚ ਕੁਝ ਮਿਲੀਮੀਟਰ ਰੇਸ਼ਾ ਉਤਾਂਹ ਸਰਕ ਜਾਂਦੈ। ਵਾਪਸ ਗਲੇ ਤੱਕ ਪਹੁੰਚ ਕੇ ਜਾਂ ਤਾਂ ਖੰਘ ਕੇ ਬਾਹਰ ਕੱਢ ਦਿੱਤਾ ਜਾਂਦੈ, ਜਾਂ ਨੱਕ 'ਚ ਚੂਹਾ ਬਣ ਕੇ ਜੰਮ ਜਾਂਦੈ ਜਾਂ ਫੇਰ ਗਲੇ ਤੋਂ ਢਿੱਡ ਵੱਲ ਥੁੱਕ ਨਾਲ ਲੰਘ ਜਾਂਦੈ। ਇੰਜ ਫੇਫੜੇ ਦੀ ਲਗਾਤਾਰ ਸਫ਼ਾਈ ਹੁੰਦੀ ਰਹਿੰਦੀ ਐ', ਹਰਸ਼ ਮਾਸੀ ਨੇ ਸਮਝਾਇਆ। 'ਕਿੰਨਾ ਮਜ਼ਾ ਆ ਰਿਹੈ', ਸੁਖੀ ਬੋਲੀ। 'ਮੈਨੂੰ ਤਾਂ ਡਰ ਲੱਗ ਰਿਹੈ। ਜੇ ਕੈਪਸੂਲ ਫਟ ਗਿਆ ਤਾਂ ਆਪਾਂ ਮਰ ਜਾਵਾਂਗੇ', ਨਾਨੂ ਘਬਰਾ ਕੇ ਬੋਲਿਆ।

'ਨਹੀਂ ਬੱਚਿਆ ਘਬਰਾ ਨਾ। ਇਹ ਕੈਪਸੂਲ ਬੜਾ ਪੱਕੈ ਤੇ ਆਪਾਂ ਨੂੰ ਮਸ਼ੀਨ ਨਾਲ ਬਾਰੀਕ ਬਣਾਇਆ ਗਿਐ। ਜਦੋਂ ਆਪਾਂ ਵਾਪਸ ਬਾਹਰ ਨਿਕਲਾਂਗੇ ਤਾਂ ਲੈਬਾਰਟਰੀ 'ਚ ਜਾ ਕੇ ਦੁਬਾਰਾ ਆਪਾਂ ਨਾਰਮਲ ਵੱਡੇ ਸਾਈਜ਼ ਦੇ ਹੋ ਜਾਵਾਂਗੇ। ਤੁਸੀਂ ਫ਼ਿਕਰ ਛੱਡ ਕੇ ਬਾਹਰ ਦੇ ਨਜ਼ਾਰੇ ਲਓ। ਫੇਰ ਇਹੋ ਜਿਹੀ ਚੀਜ਼ ਨਹੀਂ ਦਿਸਣੀ। ਸਰੀਰ ਅੰਦਰ ਵੜ ਕੇ ਵੇਖਣ ਦਾ ਮਜ਼ਾ ਈ ਕੁਝ ਹੋਰ ਐ, ਹਰਸ਼ ਮਾਸੀ ਨੇ ਸਮਝਾਇਆ।

'ਓਹ ਵੇਖੋ ਕੀ ਆ ਰਿਐ ਵੱਡਾ ਸਾਰਾ। ਓਹ ਹੋਰ ਵੀ ਕਿੰਨੇ ਸਾਰੇ। ਮਾਸੜ ਜੀ, ਇਹ ਤਾਂ ਸਾਡੇ ਕੈਪਸੂਲ ਤੋਂ ਵੀ ਵੱਡੇ ਨੇ। ਇਹ ਸਾਨੂੰ ਖਾ ਜਾਣਗੇ', ਹਿੱਤੀ ਚੀਕਿਆ।

'ਹਾਂ ਬਈ ਬਚਣਾ ਪਵੇਗਾ! ਇਹ ਤਾਂ ਢੇਰ ਸਾਰੇ ਕੀਟਾਣੂ ਨੇ। ਲੱਗਦੈ ਕੋਈ ਇਹਦੇ ਮੂੰਹ ਅੱਗੇ ਖੰਘ ਕੇ ਗਿਐ। ਤਾਂ ਈ ਇਹਦੇ ਸਾਹ ਦੀ ਨਾਲੀ 'ਚ ਏਨੇ ਕੀਟਾਣੂ ਇਕੱਠੇ ਵੜੇ ਨੇ। ਇਸੇ ਲਈ ਬੱਚਿਓ, ਤੁਹਾਨੂੰ ਕਹੀਦੈ ਕਿ ਖੰਘਣ ਜਾਂ ਨਿੱਛ ਮਾਰਨ ਲੱਗਿਆਂ ਮੂੰਹ ਅੱਗੇ ਹੱਥ ਰੱਖੋ। ਜੇ ਕੋਈ ਹੋਰ ਮਾਰ ਰਿਐ ਤਾਂ ਵੀ ਆਪਣਾ ਮੂੰਹ ਲੁਕਾ ਲਓ, ਤਾਂ ਜੋ ਤੁਹਾਡੀ ਸਾਹ ਦੀ ਨਾਲੀ 'ਚ ਏਨੇ ਕੀਟਾਣੂ ਨਾ ਵੜਨ', ਗੁਰਪਾਲ ਮਾਸੜ ਜੀ ਨੇ ਸਮਝਾਇਆ।

ਏਨੇ ਨੂੰ ਕੈਪਸੂਲ ਉੱਤੇ ਵੀ ਤਿੰਨ-ਚਾਰ ਕੀਟਾਣੂ ਚੰਬੜ ਗਏ ਤੇ ਕੈਪਸੂਲ ਰੇਸ਼ੇ ਨਾਲ ਅੜ ਕੇ ਵਾਲਾਂ (ਸਿਲੀਆ) ਉੱਤੇ ਚਿਪਕ ਗਿਆ।

ਜੀਵ ਘਬਰਾ ਕੇ ਬੋਲਿਆ, 'ਹੁਣ ਤਾਂ ਮਰ ਗਏ। ਹੁਣ ਕਿਵੇਂ ਬਚਾਂਗੇ? ਸਾਨੂੰ ਤਾਂ ਫੇਫੜੇ ਨੇ ਖਾ ਜਾਣੈ।'

'ਤੁਸੀਂ ਘਬਰਾਉਂਦੇ ਬਹੁਤ ਓ। ਫ਼ਿਕਰ ਨਾ ਕਰੋ। ਵਾਹਿਗੁਰੂ ਦਾ ਨਾਂਅ ਲਓ। ਵਾਲਾਂ ਉੱਤੇ ਚਿਪਕ ਕੇ ਆਪਾਂ ਸੁਰੱਖਿਅਤ ਹੋ ਗਏ ਆਂ। ਹੁਣ ਆਪੇ ਬਾਹਰ ਨਿਕਲ ਜਾਂਗੇ! ਪਰ ਆਪਾਂ ਅੱਗੇ ਹੋਰ ਹੁਣ ਨਹੀਂ ਵੇਖ ਸਕਾਂਗੇ। ਦੁਬਾਰਾ ਆਉਣਾ ਪਵੇਗਾ', ਹਰਸ਼ ਮਾਸੀ ਬੋਲੀ।

'ਆਹ ਏਨੀ ਤੇਜ਼ ਨੇਰ੍ਹੀ ਕਿਉਂ ਆ ਰਈ ਐ। ਆਪਣਾ ਕੈਪਸੂਲ ਕਿੰਨੀ ਤੇਜ਼ੀ ਨਾਲ ਹਿੱਲਣ ਲੱਗ ਪਿਐ', ਨਾਨੂ ਚੀਕਿਆ!

'ਬੱਚਿਆ, ਇਸ ਬੰਦੇ ਨੂੰ ਨਿੱਛ ਆਉਣ ਲੱਗੀ ਜੇ। ਇਹਨੇ ਹਵਾ ਅੰਦਰ ਵੱਲ ਤੇਜ਼ੀ ਨਾਲ ਖਿੱਚੀ ਐ। ਤੁਸੀਂ ਸਾਰੇ ਸੀਟ ਬੈਲਟ ਕੱਸ ਕੇ ਆਪੋ-ਆਪਣੀ ਸੀਟ ਨੂੰ ਫੜ ਲਓ', ਮਾਸੜ ਜੀ ਤੇਜ਼ੀ ਨਾਲ ਬੋਲੇ, 'ਨਿੱਛ ਦੀ ਸਪੀਡ 150 ਕਿਲੋਮੀਟਰ ਪ੍ਰਤੀ ਘੰਟੇ ਤੋਂ 1045 ਕਿਲੋਮੀਟਰ ਪ੍ਰਤੀ ਘੰਟੇ ਤੱਕ ਹੋ ਸਕਦੀ ਐ। ਇਹਦੇ 'ਚ 0.5 ਤੋਂ 5 ਮਿਲੀਮੀਟਰ ਤੱਕ ਦੇ 40,000 ਕਣ ਇਕੱਠੇ ਬਾਹਰ ਨਿਕਲ ਜਾਂਦੇ ਨੇ। ਬਸ ਹੁਣ ਆਪਾਂ ਚੱਲੇ ਬਾਹਰ।'

ਏਨੀ ਜ਼ੋਰ ਦੀ ਸਾਹ ਦੀ ਨਾਲੀ ਸੁੰਗੜੀ ਤੇ ਕੈਪਸੂਲ ਪੂਰੀ ਸਪੀਡ ਨਾਲ ਹਵਾ ਵਿਚੋਂ ਰੇਸ਼ੇ ਨਾਲ ਲਿਬੜਿਆ ਬੰਦੇ ਦੇ ਫੇਫੜੇ ਤੋਂ ਸੱਤ ਫੁੱਟ ਪਰ੍ਹਾਂ ਜਾ ਕੇ ਡਿੱਗਿਆ।

ਗੁਰਪਾਲ ਮਾਸੜ ਜੀ ਨੇ ਸਪੀਡ ਨਾਲ ਕੈਪਸੂਲ ਉਡਾ ਕੇ ਲੈਬਾਰਟਰੀ ਪਹੁੰਚਾਇਆ ਤੇ ਸਾਰੇ ਉੱਥੇ ਜਾ ਕੇ ਨਾਰਮਲ ਸਾਈਜ਼ ਦੇ ਬਣ ਗਏ।

'ਅੱਜ ਤਾਂ ਮਰ ਚੱਲੇ ਸੀ। ਮੈਂ ਤਾਂ ਬਹੁਤ ਡਰ ਗਿਆ ਸੀ', ਹੈਰੀ ਬੋਲਿਆ।

ਸੁੱਖੀ ਬੋਲੀ, 'ਪਰ ਮਜ਼ਾ ਵੀ ਤਾਂ ਕਿੰਨਾ ਆਇਐ। ਮੈਂ ਤਾਂ ਫੇਰ ਜਾਊਂਗੀ ਅੰਦਰ। ਹੁਣ ਆਪਾਂ ਕਿਸੇ ਹੋਰ ਪਾਸੇ ਵੜਾਂਗੇ।'

'ਚਲੋ ਪਹਿਲਾਂ ਘਰ ਚੱਲ ਕੇ ਪੜ੍ਹੋ। ਹਾਲੇ ਫੇਫੜਾ ਪੂਰਾ ਕਿੱਥੇ ਵੇਖਿਐ। ਫੇਰ ਕੱਲ ਵੇਖਾਂਗੇ', ਹਰਸ਼ ਮਾਸੀ ਬੋਲੀ!

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 5-05-2018 ਤੋਂ 25-05-2018


| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16 ਪੰਚਕੂਲਾ (ਹਰਿਆਣਾ) | 1000/- | ਐਚ-9597 | 05-05-2018 |
| 2. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ- 42, ਸੈਕਟਰ-16, ਚੰਡੀਗੜ੍ਹ। | 3600/- | ਐਚ-9598 | 09-05-2018 |
| 3. | ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ 30ਏ, ਚੰਡੀਗੜ੍ਹ। | 500/- | ਐਚ-9599 | 14-05-2018 |
| 4. | ਸ. ਅਮਰਜੀਤ ਸਿੰਘ ਮੁਲਤਾਨੀ<br>ਪੁੱਤਰ ਸ ਗਿਆਨ ਸਿੰਘ ਮੁਲਤਾਨੀ, ਮਕਾਨ ਨੰ-42,<br>ਸੈਕਟਰ-16, ਚੰਡੀਗੜ੍ਹ। | 500/- | ਐਚ-9600 | 14-05-2018 |
| 5. | ਸ. ਸੁਰਿੰਦਰ ਸਿੰਘ<br>ਮਕਾਨ ਨੰ-3040, ਸੈਕਟਰ-47, ਚੰਡੀਗੜ੍ਹ। | 200/- | ਐਚ-9601 | 14-05-2018 |
| 6. | ਸ. ਪ੍ਰੀਤਮ ਸਿੰਘ<br>ਮਕਾਨ ਨੰ-2827, ਚੰਡੀਗੜ੍ਹ। | 100/- | ਐਚ-9602 | 14-05-2018 |
| 7. | ਸ. ਹਰਭਜਨ ਸਿੰਘ ਡੀ.ਆਈ.ਜੀ (ਰਿਟਾ.)<br>ਏ-302, ਰਿਸ਼ੀ ਅਪਾਰਟਮੈਂਟਸ, ਜ਼ੀਰਕਪੁਰ। | 500/- | ਐਚ-9603 | 14-05-2018 |
| 8. | ਸ. ਗੁਰਬਚਨ ਸਿੰਘ<br>ਮਕਾਨ ਨੰ. 2808/2, ਸੈਕਟਰ-47/ਸੀ ਚੰਡੀਗੜ੍ਹ। | 100/- | ਐਚ-9604 | 14-05-2018 |
| 9. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ,<br>ਸੈਕਟਰ-30ਏ ਚੰਡੀਗੜ੍ਹ, ਮਕਾਨ. ਨੰ-2218, ਸੈਕਟਰ-38ਸੀ. ਚੰਡੀਗੜ੍ਹ। | 1100/- | ਐਚ-9605 | 14-05-2018 |
| 10. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਐਚ-9606 | 14-05-2018 |
| 11. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-1838, ਫੇਸ-7, ਐਸ.ਏ.ਐਸ. ਨਗਰ (ਮੋਹਾਲੀ) | 500/- | ਐਚ-9607 | 14-05-2018 |

| | | | | |
|---|---|---|---|---|
| 12. | ਰਾਜਪਾਲ ਸਿੰਘ<br>ਮਕਾਨ ਨੰ-43, ਮਨੀ ਮਾਜਰਾ। | 500/- | ਐਚ-9608 | 14-05-2018 |
| 13. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br># 541,ਫੇਸ-3 ,ਮੋਹਾਲੀ। | 200/- | ਐਚ-9609 | 14-05-2018 |
| 14. | ਸ਼੍ਰੀਮਤੀ ਮੰਜੂ ਮਾਨ ਮੁਲਤਾਨੀ<br>ਪਤਨੀ. ਲੈਫ.ਕਰਨਲ ਜਗਤਾਰ ਸਿੰਘ ਮੁਲਤਾਨੀ,<br>ਮਕਾਨ ਨੰ-114, ਸੈਕਟਰ-33ਏ, ਚੰਡੀਗੜ੍ਹ। | 500/- | ਐਚ-9610 | 14-05-2018 |
| 15. | ਸ਼੍ਰੀ ਸੁਰੇਸ਼ ਸ਼ਰਮਾ<br>ਮਕਾਨ ਨੰ-652, ਸੈਕਟਰ-8ਬੀ, ਚੰਡੀਗੜ੍ਹ। | 500/- | ਐਚ-9611 | 14-05-2018 |
| 16. | ਸ. ਦਲਜੀਤ ਪਾਲ<br>ਮਕਾਨ ਨੰ-5702, ਸੈਕਟਰ-38 ਵੈਸਟ, ਚੰਡੀਗੜ੍ਹ। | 100/- | ਐਚ-9612 | 14-05-2018 |
| 17. | ਸ. ਜਗਬੀਰ ਸਿੰਘ<br>ਮਕਾਨ ਨੰ-2778 ਏ, ਸੈਕਟਰ-42, ਚੰਡੀਗੜ੍ਹ। | 100/- | ਐਚ-9613 | 14-05-2018 |
| 18. | ਸ. ਹਰੀ ਸਿੰਘ<br>ਮਕਾਨ ਨੰ-35, ਫੇਸ-11, ਮੋਹਾਲੀ। | 200/- | ਐਚ-9614 | 14-05-2018 |
| 19. | ਸ. ਨਿਰਮਲ ਸਿੰਘ, ਸਕੱਤਰ ਮੈਨਟੇਨੈਂਸ,<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਸ-10 ਮੋਹਾਲੀ। | 200/- | ਐਚ-9615 | 14-05-2018 |
| 20. | ਸ. ਰਵਿੰਦਰ ਸਿੰਘ, ਸਕੱਤਰ ਬਾਬਾ ਮੱਖਣ<br>ਸ਼ਾਹ ਲੁਬਾਣਾ ਭਵਨ ਚੰਡੀਗੜ੍ਹ।<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਐਚ-9616 | 14-05-2018 |
| 21. | ਸ਼੍ਰੀਮਤੀ ਗੁਰਲੀਨ ਕੌਰ, ਪਤਨੀ ਮੁਕੁਲ ਸ਼ਰਮਾ<br>ਮਕਾਨ ਨੰ-652, ਸੈਕਟਰ-8ਬੀ, ਚੰਡੀਗੜ੍ਹ। | 200/- | ਐਚ-9617 | 14-05-2018 |
| 22. | ਸ. ਸੁਖਵਿੰਦਰ ਪਾਲ ਸਿੰਘ ਮੁਲਤਾਨੀ<br>ਮਕਾਨ ਨੰ-2102, ਫੇਸ-10, ਮੋਹਾਲੀ। | 500/- | ਐਚ-9618 | 14-05-2018 |
| 23. | ਸ. ਇੰਦਰਜੀਤ ਸਿੰਘ ਭਗਤਾਨਾ<br>ਮਕਾਨ ਨੰ-1759, ਸੈਕਟਰ-47ਬੀ, ਚੰਡੀਗੜ੍ਹ। | 200/- | ਐਚ-9619 | 14-05-2018 |
| 24. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ-2368, ਫੇਸ-11, ਮੋਹਾਲੀ। | 1000/- | ਐਚ-9620 | 14-05-2018 |

| | | | | |
|---|---|---|---|---|
| 25. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) 795, ਫੇਸ-3ਬੀ-1, ਮੋਹਾਲੀ। | 500/- | ਐਚ-9621 | 14-05-2018 |
| 26. | ਡਾ. ਕਮਲਜੀਤ ਸਿੰਘ ਮਕਾਨ ਨੰ-3003, ਅਰਬਨ ਐਸ਼ਟੇਟ, ਫੇਸ-2, ਪਟਿਆਲਾ | 500/- | ਐਚ-9622 | 14-05-2018 |
| 27. | ਗੁਪਤ ਦਾਨ | 100/- | ਐਚ-9623 | 14-05-2018 |
| 28. | ਸ. ਗੁਰਮੀਤ ਸਿੰਘ ਨਡਾਲਾ ਜ਼ਿਲ੍ਹਾ-ਕਪੂਰਥਲਾ। | 5000/- | ਐਚ-9624 | 19-05-2018 |
| 29. | ਸ. ਰਣਜੀਤ ਸਿੰਘ ਰਿਜ਼ਨਲ ਪ੍ਰਧਾਨ ਪਹੇਵਾ ਹਰਿਆਣਾ। ਮਕਾਨ ਨੰ-ਐਚ-227/4, ਤਿਲਕ ਕਲੋਨੀ, ਪਹੇਵਾ, ਕੁਰਕਸ਼ੇਤਰ। | 500/- | ਐਚ-9625 | 19-05-2018 |
| 28. | ਸ. ਚਰਨਜੀਤ ਸਿੰਘ ਲੁਬਾਣਾ ਮਕਾਨ ਨੰ- ਐਚ. ਐਲ-600, ਫੇਸ-9, ਮੋਹਾਲੀ। ਕੇਅਰ ਆਫ-ਪ੍ਰਧਾਨ ਯੁਨਾਈਟਿਡ ਇਨਫੋਸਟਰ ਐਸੋਸੀਏਸ਼ਨ-ਫੇਸ-9 | 500/- | ਐਚ-9626 | 19-05-2018 |
| 29. | ਕਰਨਲ ਗੁਰਦੀਪ ਸਿੰਘ ਮਕਾਨ ਨੰ-62, ਸੈਕਟਰ-71, ਮੋਹਾਲੀ। | 500/- | ਐਚ-9627 | 20-05-2018 |
| 30. | ਸ. ਅਮਰਜੀਤ ਸਿੰਘ ਪੁੱਤਰ ਸ. ਗਿਆਨ ਸਿੰਘ ਮੁਲਤਾਨੀ, ਮਕਾਨ ਨੰ-42, ਸੈਕਟਰ-16, ਚੰਡੀਗੜ੍ਹ। | 500/- | ਐਚ-9628 | 20-05-2018 |
| 31. | ਮੇਜਰ ਤਰਲੋਕ ਸਿੰਘ ਮਕਾਨ ਨੰ-62, ਸੈਕਟਰ-71, ਮੋਹਾਲੀ। | 500/- | ਐਚ-9629 | 20-05-2018 |
| 32. | ਜਥੇਦਾਰ ਗੱਜਣ ਸਿੰਘ ਰੰਧਾਵਾ ਕਲੋਨੀ, ਮੁਕੇਰੀਆਂ, ਜ਼ਿਲ੍ਹਾ-ਹੁਸ਼ਿਆਰਪੁਰ। | 200/- | ਐਚ-9630 | 20-05-2018 |
| 33. | ਮੇਜਰ ਤਰਲੋਕ ਸਿੰਘ ਮਕਾਨ ਨੰ-62, ਸੈਕਟਰ-71, ਮੋਹਾਲੀ। | 4100/- | ਐਚ-9631 | 20-05-2018 |
| 34. | ਮੇਜਰ ਐਨ. ਐਸ. ਮੁਲਤਾਨੀ ਮਕਾਨ ਨੰ-1089, ਫੇਸ-11, ਸੈਕਟਰ-64, ਮੋਹਾਲੀ। | 200/- | ਐਚ-9632 | 20-05-2018 |
| 35. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) 795, ਫੇਸ-3ਬੀ-1, ਮੋਹਾਲੀ। | 500/- | ਐਚ-9623 | 20-05-2018 |
| 36. | ਸ. ਸੁਰੇਸ਼ ਸ਼ਰਮਾ ਮਕਾਨ ਨੰ-652, ਸੈਕਟਰ-8ਬੀ ਚੰਡੀਗੜ੍ਹ। | 500/- | ਐਚ-9634 | 20-05-2018 |
| 37. | ਸ਼੍ਰੀਮਤੀ ਗੁਰਲੀਨ ਕੌਰ, ਪਤਨੀ ਮੁਕੁਲ ਸ਼ਰਮਾ ਮਕਾਨ ਨੰ-652, ਸੈਕਟਰ-8ਬੀ, ਚੰਡੀਗੜ੍ਹ। | 200/- | ਐਚ-9635 | 20-05-2018 |



# MATRIMONIAL



Suitable match for fair, slim, good looking lobana sikh boy age 26 years height 5'10". B.Tech (software developer). Presently working at Banglor; annual salary Rs20lac. Mother and father in govt service. Preferred simple sober beautiful and well educated girl. Cont -9466822688

* * * * *

Suitable match for lobana girl NavdeepKaur D.o.b-1991/5'7”, MCA, Sub Inspector Punjab Police. Required Govt or Businessman Family. Cont no-98767-48456

* * * * *

Suitable match for lobana boy 11-01-1991, Height 5'9”, Sub inspector Punjab Police required “Beautiful girl 5'5”, Bsc Nursing/Teacher/Bank Employee in Chandigarh/Punjab. Cont-80546-89486

* * * * *

Suitable match for lobana sikh boy, Australian Citzen, Dec,18,1988/6’1”, Bachelor of accounting from Sydney Australia, Father Retd. Govt. Engineer, Mother Expired. Govt Service, Brother married New Zealand P.R, Sister married Australian Citizen, Prefer Medical, Engineering job experience. Whatsapp Cont. No. 98961-55616

* * * * *

Suitable match for lobana sikh clean shave handsome boy D.O.B-17-02-1991, 5’8”, PR Canada. IT Computer Science from Canada area manager in reputed company. Beautiful, slim, well educated and professional lobana sikh girl required. Father railway engineer Chandigarh. Only younger brother PR Canada, Mother house wife. Cont. 98153-65212

* * * * *

Suitable girl wanted for Australia PR Dec-1988,6 feet tall turbaned and non-trimmed boy. Boy is in India presently. Father retd. Suptd. Mother home maker. Sister married and settled in Australia. Cont-98726-66339, 98883-11228

* * * * *

Suitable match for lobana sikh boy 5’8”, D.O.B. Jan. 1988,Travel and

tourism management from U.K working at Gurugram. Urban & Rural Property. Cont-90417-77073

* * * * *

Suitable match for lobana girl Miss.AmarjotKaur, Dob-22 Oct 1989, height-5'3", Qualification-C.A, M.F.C, B.Com, Younger Brother also Charter Accountant, Father retired from Indian Army, Residence of #1701 Peer Mushalla Zirakpur, Mohali. Early Simple Marriage only in Lobana Sikh Community. Cont- 94631-01381, 98763-50683

* * * * *

Suitable match for lobanasikh turbaned boy, Dob-May 1987, 5'7", B.Tech in Electrical, Kurukshetra University, Msc From USA, Working in IT Company USA. Father retired as Army officer, sister settled in USA. Required qualified girl preference USA Citizen girl. Cont-99960-73733.

* * * * *

Suitable match for lobanasikhTurboned and non Trimmed Boy D.O.B-24-03-1991, Height-6 Feet Job in C.R.P.F as a constable, Qualification B.A, Father Ex-Servicemen from Army, Mother House maker, one Sister is married and one Sister Doing job in Army as It Officer, Required Girl belongs to lobanasikh family, Educated simple height 5'9", PR in any country. Cont- 75084-10499, 99141-07116, 82838-83608.

* * * * *

Suitable match for lobanasikh turbaned boy D.O.B-12-06-1986/5'9", Job in Merchant Navy. Qualification B.A and Sanitary inspector course pass. Father retired from Indian Army and mother house wife. Required Lobana Sikh Girl, Educated, Simple, Height-5'7", PR in any country. Cont-75084-10499, 99141-07116, 82838-83608

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# Executive Committee Meeting on 19-05-18














Regd No. 32212/78 Postal No.-- G/CHD/0111/2018-2020

# Executive Committee Meeting on 19-05-18



